Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 260 | 03/03/2026 | www.samajweekly.com | samajweekly | @samajweekly | samajweekly


# ਇਰਾਨ ਨੇ ਸਾਊਦੀ ਅਰਬ ਦੀ ਸਭ ਤੋਂ ਵੱਡੀ ਤੇਲ ਕੰਪਨੀ ਅਰਾਮਕੋ 'ਤੇ ਕੀਤਾ ਹਮਲਾ

## ਹਮਲੇ ਤੋਂ ਬਾਅਦ ਰਾਸ ਤਨੂਰਾ ਰਿਫਾਇਨਰੀ ਨੂੰ ਕੀਤਾ ਗਿਆ ਬੰਦ



**ਇਰਾਨ।** ਅੱਜ ਇਜ਼ਰਾਈਲ, ਅਮਰੀਕਾ ਅਤੇ ਈਰਾਨ ਵਿਚਕਾਰ ਜੰਗ ਦਾ ਤੀਜਾ ਦਿਨ ਹੈ। ਇਸ ਦੌਰਾਨ, ਈਰਾਨ ਨੇ ਸਾਊਦੀ ਅਰਬ ਦੀ ਪ੍ਰਮੁੱਖ ਤੇਲ ਰਿਫਾਇਨਰੀ, ਰਾਸ ਤਨੂਰਾ 'ਤੇ ਹਮਲਾ ਕੀਤਾ ਹੈ। ਇਹ ਰਿਫਾਇਨਰੀ ਸਰਕਾਰੀ ਤੇਲ ਕੰਪਨੀ ਸਾਊਦੀ ਅਰਾਮਕੋ ਦੀ ਹੈ। ਰਾਇਟਰਜ਼ ਦੇ ਅਨੁਸਾਰ, ਹਮਲੇ ਤੋਂ ਬਾਅਦ ਰਿਫਾਇਨਰੀ ਨੂੰ ਬੰਦ ਕਰ ਦਿੱਤਾ ਗਿਆ ਸੀ। ਇਸਦੀ ਸਮਰੱਥਾ ਲਗਭਗ 550,000 ਤੋਂ 600,000 ਬੈਰਲ ਪ੍ਰਤੀ ਦਿਨ ਹੋਣ ਦਾ ਅਨੁਮਾਨ ਹੈ। ਰਾਸ ਤਨੂਰਾ ਤੇਲ ਨਿਰਯਾਤ ਟਰਮੀਨਲ ਦੁਨੀਆ ਦੇ ਸਭ ਤੋਂ ਵੱਡੇ ਆਫਸ਼ੋਰ ਤੇਲ ਲੋਡਿੰਗ ਟਰਮੀਨਲਾਂ ਵਿੱਚੋਂ ਇੱਕ ਹੈ। ਇੱਥੋਂ ਕੱਚਾ ਤੇਲ ਵੱਡੇ ਤੇਲ ਟੈਂਕਰਾਂ ਵਿੱਚ ਲੋਡ ਕੀਤਾ ਜਾਂਦਾ ਹੈ ਅਤੇ ਸੰਯੁਕਤ ਰਾਜ, ਏਸ਼ੀਆ ਅਤੇ ਯੂਰਪ ਸਮੇਤ ਕਈ ਦੇਸ਼ਾਂ ਨੂੰ ਭੇਜਿਆ ਜਾਂਦਾ ਹੈ। ਇਸ ਦੌਰਾਨ, ਈਰਾਨ ਦੇ ਚੋਟੀ ਦੇ ਰਾਸ਼ਟਰੀ ਸੁਰੱਖਿਆ ਅਧਿਕਾਰੀ, ਅਲੀ ਲਾਰੀਜਾਨੀ ਨੇ ਸੋਮਵਾਰ ਨੂੰ ਕਿਹਾ ਕਿ ਈਰਾਨ ਅਮਰੀਕਾ ਨਾਲ ਕੋਈ ਗੱਲਬਾਤ ਨਹੀਂ ਕਰੇਗਾ। ਇਹ ਬਿਆਨ ਉਨ੍ਹਾਂ ਰਿਪੋਰਟਾਂ ਦੇ ਜਵਾਬ ਵਿੱਚ ਆਇਆ ਹੈ ਕਿ ਈਰਾਨ ਨੇ ਅਮਰੀਕਾ ਨਾਲ ਗੱਲਬਾਤ ਮੁੜ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਜ਼ਰਾਈਲ ਤੋਂ ਇਲਾਵਾ, ਈਰਾਨ ਨੇ ਅੱਜ ਕਤਰ, ਬਹਿਰੀਨ ਅਤੇ ਸੰਯੁਕਤ ਅਰਬ ਅਮੀਰਾਤ ਵਿੱਚ ਹਮਲੇ ਮੁੜ ਸ਼ੁਰੂ ਕਰ ਦਿੱਤੇ। ਦੂਜੇ ਪਾਸੇ, ਲੇਬਨਾਨੀ ਅੱਤਵਾਦੀ ਸਮੂਹ ਹਿਜ਼ਬੁੱਲਾ ਵੀ ਇਸ ਸੰਘਰਸ਼ ਵਿੱਚ ਸ਼ਾਮਲ ਹੋ ਗਿਆ ਹੈ। ਇਸਨੇ ਇਜ਼ਰਾਈਲ ਵਿੱਚ ਕਈ ਥਾਵਾਂ 'ਤੇ ਬੰਬਾਰੀ ਕੀਤੀ ਹੈ। ਈਰਾਨ ਦੁਆਰਾ ਸਮਰਥਤ ਹਿਜ਼ਬੁੱਲਾ ਹੁਣ ਕਹਿੰਦਾ ਹੈ ਕਿ ਉਹ ਖਮੇਨੀ ਦੀ ਮੌਤ ਦਾ ਬਦਲਾ ਲੈ ਰਿਹਾ ਹੈ।

### ਸਾਥੀ ਯੂਰਪੀ ਦੇਸ਼ਾਂ ’ਚ ਪ੍ਰਮਾਣੂ ਬੰਬ ਨਾਲ ਲੈਸ ਜਹਾਜ਼ ਤੈਨਾਤ ਕਰੇਗਾ ਫ਼ਰਾਂਸ : ਫ਼ਰਾਂਸੀਸੀ ਰਾਸ਼ਟਰਪਤੀ ਇਮੈਨੂਅਲ ਮੈਕਰੋਂ

ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨੇ ਐਲਾਨ ਕੀਤਾ ਹੈ ਕਿ ਫਰਾਂਸ ਆਪਣੀ ਨਵੀਂ ਪਰਮਾਣੂ ਰਣਨੀਤੀ ਦੇ ਤਹਿਤ ਆਪਣੇ ਪਰਮਾਣੂ ਹਥਿਆਰਾਂ ਨਾਲ ਲੈਸ ਜਹਾਜ਼ਾਂ ਨੂੰ ਸਾਥੀ ਯੂਰਪੀ ਦੇਸ਼ਾਂ ਵਿੱਚ ਅਸਥਾਈ ਤੌਰ ’ਤੇ ਤਾਇਨਾਤ ਕਰਨ ਦੀ ਇਜਾਜ਼ਤ ਦੇਵੇਗਾ। ਮੈਕਰੋਂ ਨੇ ਕਿਹਾ ਕਿ ਇਹ ਕਦਮ ਯੂਰਪ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਅਮਰੀਕਾ ’ਤੇ ਨਿਰਭਰਤਾ ਘਟਾਉਣ ਲਈ ਚੁਕਿਆ ਗਿਆ ਹੈ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਪਰਮਾਣੂ ਹਥਿਆਰਾਂ ਦੇ ਇਸਤੇਮਾਲ ਬਾਰੇ ਫੈਸਲਾ ਸਿਰਫ਼ ਫਰਾਂਸ ਦੇ ਰਾਸ਼ਟਰਪਤੀ ਦੇ ਹੱਥ ਵਿੱਚ ਰਹੇਗਾ। ਇਸ ਸੰਬੰਧੀ ਗੱਲਬਾਤ ਬਰਤਾਨੀਆਂ, ਜਰਮਨੀ, ਪੋਲੈਂਡ, ਨੀਦਰਲੈਂਡ, ਬੈਲਜੀਅਮ, ਗ੍ਰੀਸ, ਸਵੀਡਨ ਅਤੇ ਡੈਨਮਾਰਕ ਨਾਲ ਸ਼ੁਰੂ ਹੋ ਚੁੱਕੀ ਹੈ। ਮੈਕਰੋਂ ਨੇ ਇਹ ਵੀ ਦੱਸਿਆ ਕਿ ਫਰਾਂਸ ਆਪਣੇ ਪਰਮਾਣੂ ਹਥਿਆਰਾਂ ਦੀ ਗਿਣਤੀ ਵਧਾਏਗਾ, ਜੋ 1992 ਤੋਂ ਬਾਅਦ ਪਹਿਲੀ ਵਾਰ ਹੋਵੇਗਾ। ਜਰਮਨੀ ਦੇ ਚਾਂਸਲਰ ਫ੍ਰੀਡਰਿਖ ਮੇਰਜ਼ ਨਾਲ ਸਾਂਝੇ



ਬਿਆਨ ਵਿੱਚ ਦੋਵੇਂ ਨੇ ਪਰਮਾਣੂ ਰੋਕਥਾਮ ਖੇਤਰ ਵਿੱਚ ਵਧੇਰੇ ਸਹਿਯੋਗ ਦਾ ਸਵਾਗਤ ਕੀਤਾ। ਇਸ ਵਿੱਚ ਜਰਮਨ ਫੌਜੀ ਦਸਤਿਆਂ ਦੀ ਫਰਾਂਸੀਸੀ ਪਰਮਾਣੂ ਅਭਿਆਸਾਂ ਵਿੱਚ ਸ਼ਮੂਲੀਅਤ ਅਤੇ ਸਾਂਝੇ ਦੌਰੇ ਸ਼ਾਮਲ ਹਨ। ਮੈਕਰੋਂ ਨੇ ਕਿਹਾ ਕਿ ਯੂਰਪ ਨੂੰ ਆਪਣੀ ਸੁਰੱਖਿਆ ਲਈ ਖ਼ੁਦ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ‘‘ਆਜ਼ਾਦ ਹੋਣ ਲਈ, ਡਰਾਉਣਾ ਹੋਣਾ ਲਾਜ਼ਮੀ ਹੈ।’’ ਫਰਾਂਸ, ਬਰਤਾਨੀਆਂ ਦੇ ਯੂਰਪੀ ਸੰਘ ਤੋਂ ਬਾਹਰ ਜਾਣ ਤੋਂ ਬਾਅਦ, ਯੂਰਪੀ ਯੂਨੀਅਨ ਦਾ ਇਕੱਲਾ ਪਰਮਾਣੂ ਤਾਕਤ ਵਾਲਾ ਦੇਸ਼ ਹੈ।

### ਅਰਬ ਦੇਸ਼ਾਂ ’ਚ ਫਸੇ ਪੰਜਾਬੀਆਂ ਲਈ ਮਾਨ ਸਰਕਾਰ ਨੇ ਜਾਰੀ ਕੀਤੇ ਹੈਲਪਲਾਈਨ ਨੰਬਰ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਕ ਪੋਸਟ ਸਾਂਝ ਕਰਕੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਰਬ ਦੇਸ਼ਾਂ ਦੇ ਵਿਚ ਲੜਾਈ ਲੱਗਣ ਕਰਕੇ ਬਹੁਤ ਸਾਰੇ ਪੰਜਾਬੀ ਇਨ੍ਹਾਂ ਮੁਲਕਾਂ ਵਿਚ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ NRI ਨਿਗ ਫੁਨਜਓਬ ਦੇ ਨੰਬਰ 24x7 Control Room 0172-2260042, 0172-2260043, Whatsapp No ,+91 94787



79112 ਜਾਰੀ ਕਰ ਰਹੇ ਹਾਂ ਜੇ ਕੋਈ ਖ਼ੁਦ ਜਾਂ ਉਹਨਾਂ ਦੇ ਪਰਿਵਾਰ ਦਾ ਮੈਂਬਰ ਇਨ੍ਹਾਂ ਮੁਲਕਾਂ ਵਿੱਚ ਫਸਿਆ ਹੈ ਤਾਂ ਤੁਰੰਤ ਸੰਪਰਕ ਕਰੋ। ਉਨ੍ਹਾਂ ਕਿਹਾ ਕਿ ਮੈਂ ਵਿਦੇਸ਼ ਮੰਤਰਾਲੇ ਦੇ ਨਾਲ ਸੰਪਰਕ ਵਿਚ ਹਾਂ। ਜਲਦੀ ਉਹਨਾਂ ਨੂੰ ਅਸੀਂ ਹਰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹਾਂ।

### ਇਰਾਨ ਖ਼ਿਲਾਫ਼ ਫੌਜੀ ਕਾਰਵਾਈਆਂ ਚਾਰ-ਪੰਜ ਹਫਤੇ ਜਾਰੀ ਰਹਿਣਗੀਆਂ: ਟਰੰਪ

ਇਜ਼ਰਾਈਲ-ਅਮਰੀਕਾ ਵਲੋਂ ਇਰਾਨ ’ਤੇ ਕੀਤੇ ਗਏ ਹਮਲਿਆਂ ਵਿਚ ਸੁਪਰੀਮ ਆਗੂ ਆਇਤੁੱਲਾ ਅਲੀ ਖਮੇਨੀ ਦੀ ਪਤਨੀ ਦੀ ਵੀ ਮੌਤ ਹੋ ਗਈ ਹੈ। ਇਸ ਹਮਲੇ ਵਿਚ ਖਮੇਨੀ ਦੀ ਪਤਨੀ ਮੰਸੂਰੇਹ ਦੋ ਦਿਨ ਪਹਿਲਾਂ ਜ਼ਖ਼ਮੀ ਹੋ ਗਈ ਸੀ। ਇਰਾਨੀ ਮੀਡੀਆ ਨੇ ਇਸ ਦੀ ਪੁਸ਼ਟੀ ਕੀਤੀ ਹੈ ਕਿ ਆਇਤੁੱਲਾ ਅਲੀ ਦੀ ਪਤਨੀ ਦੀ ਮੌਤ ਹੋ ਗਈ ਹੈ।



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਮਵਾਰ ਨੂੰ ਵ੍ਹਾਈਟ ਹਾਊਸ ਵਿੱਚ ਇੱਕ ਸਮਾਗਮ ਦੌਰਾਨ ਕਿਹਾ ਕਿ ਇਰਾਨ ਵਿਰੁੱਧ ਚੱਲ ਰਹੀਆਂ ਫੌਜੀ ਕਾਰਵਾਈਆਂ ਅਗਲੇ 4 ਤੋਂ 5 ਹਫਤਿਆਂ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ। ਹਾਲਾਂਕਿ, ਉਨ੍ਹਾਂ ਨੇ ਇਹ ਵੀ ਸਪਸ਼ਟ ਕੀਤਾ ਕਿ ਜੇਕਰ ਲੋੜ ਪਈ ਤਾਂ ਅਮਰੀਕਾ ਇਸ ਜੰਗ ਨੂੰ ਇਸ ਤੋਂ ਵੀ ਲੰਬੇ ਸਮੇਂ ਤੱਕ ਜਾਰੀ ਰੱਖਣ ਲਈ ਪੂਰੀ ਤਰ੍ਹਾਂ ਤਿਆਰ ਹੈ। ਟਰੰਪ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਮੱਧ-ਪੂਰਬ ਵਿੱਚ ਹਾਲਾਤ ਬੇਕਾਬੂ ਹੁੰਦੇ ਜਾ ਰਹੇ ਹਨ।

ਇਰਾਨ ਦੇ ਸੁਪਰੀਮ ਲੀਡਰ ਆਇਤੁੱਲਾ ਅਲੀ ਖਮੇਨੀ ਦੇ ਮਾਰੇ ਜਾਣ ਤੋਂ ਬਾਅਦ ਤਣਾਅ ਸਿਖਰ 'ਤੇ ਪਹੁੰਚ ਗਿਆ ਹੈ। ਇਰਾਨ ਅਤੇ ਉਸ ਦੇ ਸਹਿਯੋਗੀਆਂ ਨੇ ਬਦਲੇ ਵਿੱਚ ਇਜ਼ਰਾਈਲ, ਗੁਆਂਢੀ ਖਾੜੀ ਦੇਸ਼ਾਂ ਅਤੇ ਦੁਨੀਆ ਦੇ ਤੇਲ ਤੇ ਗੈਸ ਦੇ ਮੁੱਖ ਕੇਂਦਰਾਂ ’ਤੇ ਹਮਲੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਹਮਲਿਆਂ ਕਾਰਨ ਦੁਨੀਆ ਭਰ ਵਿੱਚ ਤੇਲ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ ਅਤੇ ਦੁਬਈ ਵਰਗੇ ਸੁਰੱਖਿਅਤ ਮੰਨੇ ਜਾਣ ਵਾਲੇ ਇਲਾਕਿਆਂ ਵਿੱਚ ਵੀ ਹਵਾਈ ਹਮਲੇ ਹੋ ਰਹੇ ਹਨ। ਇਸ ਕਾਰਨ ਲੱਖਾਂ ਹਵਾਈ ਯਾਤਰੀ ਵੱਖ-ਵੱਖ ਦੇਸ਼ਾਂ ਵਿੱਚ ਫਸੇ ਹੋਏ ਹਨ ਅਤੇ ਜੰਗ ਦੇ ਜਲਦੀ ਖ਼ਤਮ ਹੋਣ ਦੇ ਕੋਈ ਸੰਕੇਤ ਨਜ਼ਰ ਨਹੀਂ ਆ ਰਹੇ।

### ਇਰਾਨ ਦੇ ਸੁਪਰੀਮ ਲੀਡਰ ਖ਼ਾਮੇਨੇਈ ਦੀ ਪਤਨੀ ਦੀ



### ਅਮਰੀਕੀ ਹਮਲੇ ’ਚ ਮੌਤ

ਤੇਹਰਾਨ : ਇਰਾਨ ਦੇ ਸਰਬਉੱਚ ਨੇਤਾ ਅਲੀ ਖ਼ਾਮੇਨੇਈ ਦੀ ਪਤਨੀ ਮੰਸੂਰੇਹ ਖੋਜਸਤੇ ਬਾਗਰਜ਼ਾਦੇਹ ਦਾ ਵੀ ਦੇਹਾਂਤ ਹੋ ਗਿਆ ਹੈ। ਰੀਪੋਰਟਾਂ ਮੁਤਾਬਕ, ਉਹ ਅਮਰੀਕੀ ਅਤੇ ਇਸਰਾਈਲੀ ਹਮਲੇ ਦੌਰਾਨ ਗੰਭੀਰ ਜ਼ਖ਼ਮੀ ਹੋਈ ਸੀ ਅਤੇ ਕੋਮਾ ਵਿਚ ਚਲੀ ਗਈ ਸੀ। 28 ਫ਼ਰਵਰੀ ਨੂੰ ਹੋਏ ਹਮਲੇ ਵਿਚ ਖ਼ਾਮੇਨੇਈ ਖ਼ੁਦ ਵੀ ਮਾਰੇ ਗਏ ਸਨ, ਨਾਲ ਹੀ ਰਾਜ ਪ੍ਰਬੰਧ ਦੇ ਕਈ ਉੱਚ ਅਧਿਕਾਰੀ ਵੀ ਹਲਾਕ ਹੋਏ। ਇਰਾਨੀ ਰਾਜ ਮੀਡੀਆ ਨੇ ਪੁਸ਼ਟੀ ਕੀਤੀ ਕਿ ਖ਼ਾਮੇਨੇਈ ਦੀ ਧੀ, ਜਵਾਈ, ਪੋਤਾ ਅਤੇ ਇਕ ਹੋਰ ਪਰਵਾਰ ਕ ਮੈਂਬਰ ਵੀ ਇਸ ਹਮਲੇ ਵਿਚ ਮਾਰੇ ਗਏ ਸਨ। ਮੰਸੂਰੇਹ ਖੋਜਸਤੇ ਬਾਗਰਜ਼ਾਦੇਹ ਨੇ 1964 ਵਿਚ ਅਲੀ ਖ਼ਾਮੇਨੇਈ ਨਾਲ ਵਿਆਹ ਕੀਤਾ ਸੀ। ਉਨ੍ਹਾਂ ਦੇ ਛੇ ਬੱਚੇ ਹਨ – ਮੁਸਤਫ਼ਾ, ਮੋਜਤਬਾ, ਮਸੂਦ, ਮੈਸਮ, ਬੋਸ਼ਰਾ ਅਤੇ ਹੋਦਾ। ਇਹ ਘਟਨਾ ਇਰਾਨ ਵਿਚ ਸਿਆਸੀ ਅਤੇ ਸਮਾਜਕ ਹਲਚਲ ਨੂੰ ਹੋਰ ਗੰਭੀਰ ਬਣਾਉਂਦੀ ਹੈ ਅਤੇ ਖੇਤਰ ਵਿਚ ਤਣਾਅ ਵਧਾਉਂਦੀ ਹੈ।

# 'ਹੋਲਾ ਮਹੱਲਾ' ਦਾ ਖ਼ਾਲਸਈ ਜਾਹੋ-ਜਲਾਲ ਸ਼ੁਰੂ: ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਰੌਣਕਾਂ ਵਧੀਆਂ

**ਸ੍ਰੀ ਆਨੰਦਪੁਰ ਸਾਹਿਬ** ਖਾਲਸਾ ਪੰਥ ਦੇ ਤਿਉਹਾਰ 'ਹੋਲਾ ਮਹੱਲਾ' ਦੇ ਦੂਜੇ ਪੜਾਅ ਦੀ ਅੱਜ ਰਸਮੀ ਆਰੰਭਤਾ ਹੋ ਗਈ ਹੈ। ਇਸ ਮੌਕੇ ਨਿਰਮਲ ਭੇਖ ਵੱਲੋਂ ਗੁਰਦੁਆਰਾ ਟਿੱਬਾ ਸਾਹਿਬ ਚੱਕ ਹੋਲਗੜ੍ਹ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਚੱਕ ਹੋਲਗੜ੍ਹ ਸਥਿਤ ਡੇਰਾ ਬਾਬਾ ਦਲੀਪ ਸਿੰਘ ਡੁਮੇਲੀ ਦੇ ਮੁੱਖ ਪ੍ਰਬੰਧਕ ਸੰਤ ਬਾਬਾ ਪ੍ਰੀਤਮ ਸਿੰਘ ਡੁਮੇਲੀ ਵਾਲਿਆਂ ਵੱਲੋਂ ਇਸ ਨਗਰ ਕੀਰਤਨ ਦਾ ਫੁੱਲਾਂ ਦੀ ਵਰਖਾ ਨਾਲ ਭਰਵਾਂ ਸਵਾਗਤ ਕੀਤਾ ਗਿਆ ਅਤੇ ਆਏ ਹੋਏ ਸੰਤਾਂ-ਮਹਾਂਪੁਰਸ਼ਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੀ ਇਸ ਵਿੱਚ ਸ਼ਮੂਲੀਅਤ ਕੀਤੀ ਅਤੇ



ਨਿਰਮਲ ਭੇਖ ਵੱਲੋਂ ਕੀਤੀ ਗਈ ਇਸ ਪਹਿਲਕਦਮੀ ਦੀ ਭਰਪੂਰ ਸ਼ਲਾਘਾ ਕੀਤੀ। ਬੈਂਡ ਵਾਜਿਆਂ ਦੀਆਂ ਮਧੁਰ ਧੁੰਨਾਂ ਅਤੇ ਸੰਗਤਾਂ ਦੇ ਉਤਸ਼ਾਹ ਦਰਮਿਆਨ ਇਹ ਨਗਰ ਕੀਰਤਨ ਸ਼ਹਿਰ ਦੇ ਅਗੰਮਪੁਰ ਚੌਕ, ਮੇਨ ਰੋਡ, ਬੱਸ ਸਟੈਂਡ, ਰੇਲਵੇ ਸਟੇਸ਼ਨ, ਨਵੀਂ ਆਬਾਦੀ ਅਤੇ ਕਿਲ੍ਹਾ ਅਨੰਦਗੜ੍ਹ ਸਾਹਿਬ ਸਮੇਤ ਵੱਖ-ਵੱਖ ਸਥਾਨਾਂ ਤੋਂ ਹੁੰਦਾ ਹੋਇਆ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਜਾ ਕੇ ਸੰਪੰਨ ਹੋਇਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਸਮੇਤ ਨਿਰਮਲ ਦੁਆਬਾ ਮੰਡਲ ਦੀਆਂ ਕਈ ਅਹਿਮ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਸੁੰਦਰ ਪਾਲਕੀ ਸਾਹਿਬ 'ਤੇ ਸੰਗਤਾਂ ਵੱਲੋਂ ਲਗਾਤਾਰ ਫੁੱਲਾਂ ਦੀ ਵਰਖਾ ਕੀਤੀ ਗਈ, ਜਿਸ ਨੇ ਨਗਰ ਕੀਰਤਨ ਦੀ ਸ਼ੋਭਾ ਨੂੰ ਚਾਰ ਚੰਨ ਲਗਾ ਦਿੱਤੇ। ਹੋਲਾ ਮਹੱਲਾ ਦੇ ਇਸ ਪਵਿੱਤਰ ਮੌਕੇ 'ਤੇ ਸਾਰਾ ਸ਼ਹਿਰ ਖਾਲਸਈ ਰੰਗ ਵਿੱਚ ਰੰਗਿਆ ਨਜ਼ਰ ਆ ਰਿਹਾ ਹੈ।

## ਡਾਲਰ ਦੇ ਮੁਕਾਬਲੇ ਰੁਪਿਆ 42 ਪੈਸੇ ਡਿੱਗ ਕੇ 91.50 ਦੇ ਪੱਧਰ ਉਤੇ ਪਹੁੰਚਿਆ

**ਮੁੰਬਈ :** ਇਰਾਨਉਤੇ ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਕਾਰਨ ਵਿਸ਼ਵ ਭਰ 'ਚ ਜੋਖਮ ਤੋਂ ਬਚਣ ਦੇ ਰੁਖ਼ ਕਾਰਨ ਰੁਪਿਆ ਸੋਮਵਾਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ 42 ਪੈਸੇ ਦੀ ਭਾਰੀ ਗਿਰਾਵਟ ਨਾਲ 91.50 ਦੇ ਪੱਧਰ ਉਤੇ ਬੰਦ ਹੋ ਗਿਆ। ਵਿਦੇਸ਼ੀ ਮੁਦਰਾ ਕਾਰੋਬਾਰੀਆਂ ਨੇ ਕਿਹਾ ਕਿ ਘਰੇਲੂ ਸ਼ੇਅਰ ਬਾਜ਼ਾਰਾਂ 'ਚ ਭਾਰੀ ਵਿਕਰੀ ਅਤੇ ਵਿਦੇਸ਼ੀ ਫੰਡ ਵਾਪਸ ਲੈਣ ਨਾਲ ਭਾਰਤੀ ਕਰੰਸੀ 'ਚ ਹੋਰ ਗਿਰਾਵਟ ਆਈ ਹੈ। ਐਕਸਚੇਂਜ ਦੇ ਅੰਕੜਿਆਂ ਮੁਤਾਬਕ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੇ ਸ਼ੁਕਰਵਾਰ ਨੂੰ 7,536.36 ਕਰੋੜ ਰੁਪਏ ਦੇ ਇਕੁਇਟੀ ਵੇਚੇ। ਮੀਰੇ ਐਸੇਟ ਸ਼ੇਅਰਖਾਨ ਦੇ



ਖੋਜ ਵਿਸ਼ਲੇਸ਼ਕ ਅਨੁਜ ਚੌਧਰੀ ਨੇ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਵਲੋਂ ਇਰਾ-ਨਉਤੇ ਹਮਲਾ ਕਰਨ ਤੋਂ ਬਾਅਦ ਆਲਮੀ ਬਾਜ਼ਾਰਾਂ 'ਚ ਰੁਪਿਆ ਲਗਭਗ ਅੱਧਾ ਫੀ ਸਦੀ ਡਿੱਗ ਗਿਆ। ਉਨ੍ਹਾਂ ਕਿਹਾ ਕਿ ਐਫ.ਆਈ.ਆਈ. ਦੇ ਨਿਕਾਸ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿਚ ਰਾਤੋ-ਰਾਤ ਵਾਧੇ ਨੇ ਰੁਪਏ ਉਤੇ ਹੋਰ ਦਬਾਅ ਪਾਇਆ ਹੈ, ਜਿਸ ਨਾਲ ਵਧਦੇ ਭੂ-ਸਿਆਸੀ ਤਣਾਅ ਦੇ ਵਿਚਕਾਰ ਗਲੋਬਲ ਬਾਜ਼ਾਰਾਂ ਵਿਚ ਜੋਖਮ ਦੀਆਂ ਭਾਵਨਾਵਾਂ ਉਤੇ ਨਕਾਰਾਤਮਕ ਪੱਖ ਨਾਲ ਵਪਾਰ ਕਰਨ ਦੀ ਉਮੀਦ ਹੈ।

## ਸੋਨੇ ਤੇ ਚਾਂਦੀ ਦੀਆਂ ਕੀਮਤਾਂ ਵਿੱਚ ਜ਼ਬਰਦਸਤ ਵਾਧਾ




**ਨਵੀਂ ਦਿੱਲੀ।** ਪੱਛਮੀ ਏਸ਼ੀਆ ਵਿੱਚ ਅਮਰੀਕਾ, ਇਜ਼ਰਾਈਲ ਅਤੇ ਇਰਾਨ ਵਿਚਾਲੇ ਵਧਦੀ ਜੰਗ ਨੇ ਵਿਸ਼ਵ ਬਾਜ਼ਾਰਾਂ ਵਿੱਚ ਹਲਚਲ ਮਚਾ ਦਿੱਤੀ ਹੈ। ਨਿਵੇਸ਼ਕਾਂ ਵਿੱਚ ਫੈਲੇ ਡਰ ਕਾਰਨ ਸ਼ੇਅਰ ਬਾਜ਼ਾਰ ਵਿੱਚੋਂ ਪੈਸਾ ਨਿਕਲ ਕੇ ਸੋਨੇ ਅਤੇ ਚਾਂਦੀ ਵਿੱਚ ਜਾ ਰਿਹਾ ਹੈ। ਸੋਮਵਾਰ ਸਵੇਰੇ ਮਲਟੀ ਕਮੋਡਿਟੀ ਐਕਸਚੇਂਜ (ਛਢਯ) 'ਤੇ ਸੋਨੇ ਦੀਆਂ ਕੀਮਤਾਂ ਵਿੱਚ 2.87 ਫੀਸਦ ਅਤੇ ਚਾਂਦੀ ਵਿੱਚ ਲਗਭਗ 3 ਫੀਸਦ ਦਾ ਵਾਧਾ ਖਿਆ ਗਿਆ। ਭਾਰਤੀ ਬਾਜ਼ਾਰ ਵਿੱਚ ਸੋਨੇ ਦੀ ਕੀਮਤ 1,73,090 ਰੁਪਏ ਪ੍ਰਤੀ 10 ਗ੍ਰਾਮ ਤੱਕ ਪਹੁੰਚ ਗਈ ਹੈ, ਜੋ ਕਿ ਪਿਛਲੇ ਸੈਸ਼ਨ ਵਿੱਚ 1,62,490 ਰੁਪਏ ਸੀ। ਚਾਂਦੀ ਦੀਆਂ ਕੀਮਤਾਂ ਵੀ ਸ਼ੁੱਕਰਵਾਰ ਦੇ 2,82,140 ਰੁਪਏ ਤੋਂ ਵਧ ਕੇ 2,94,900 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਪਹੁੰਚ ਗਈਆਂ ਹਨ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਐਮੀ ਵਿਰਕ ਨੇ ਯੂਏਈ ਹਾਲਾਤਾਂ 'ਤੇ ਜਤਾਈ ਚਿੰਤਾ, ਪਰਿਵਾਰ ਦੀ ਸੁਰੱਖਿਆ ਲਈ ਕੀਤੀ ਅਰਦਾਸ

**ਚੰਡੀਗੜ੍ਹ।** ਪੰਜਾਬੀ ਗਾਇਕ ਅਤੇ ਅਦਾਕਾਰ ਐਮੀ ਵਿਰਕ ਨੇ ਯੂਏਈ ਵਿੱਚ ਚੱਲ ਰਹੇ ਤਣਾਭਰੇ ਹਾਲਾਤਾਂ ਨੂੰ ਲੈ ਕੇ ਆਪਣੀ ਗਹਿਰੀ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇਕ ਭਾਵੁਕ ਸੁਨੇਹਾ ਸਾਂਝਾ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਪਤਨੀ ਅਤੇ 6 ਸਾਲ ਦੀ ਧੀ ਇਸ ਸਮੇਂ ਯੂਏਈ ਵਿੱਚ ਹਨ, ਜਿਸ ਕਰਕੇ ਉਹ ਨਿੱਜੀ ਤੌਰ 'ਤੇ ਕਾਫ਼ੀ ਚਿੰਤਿਤ ਅਤੇ ਭਾਵਨਾਤਮਕ ਮਹਿਸੂਸ ਕਰ ਰਹੇ ਹਨ। ਉਨ੍ਹਾਂ ਨੇ ਲਿਖਿਆ ਕਿ ਇਸ ਤਰ੍ਹਾਂ ਦੇ ਸਮੇਂ ਵਿੱਚ ਹਰ ਖ਼ਬਰ ਦਿਲ 'ਤੇ ਭਾਰ ਪਾਉਂਦੀ ਹੈ ਅਤੇ ਇਕ ਪਿਤਾ ਵਜੋਂ ਡਰ ਅਤੇ ਬੇਚੈਨੀ ਮਹਿਸੂਸ ਕਰਨਾ ਸੁਭਾਵਿਕ ਹੈ। ਐਮੀ ਵਿਰਕ ਨੇ ਨਾਲ ਹੀ ਇਹ ਵੀ ਕਿਹਾ ਕਿ ਉਹਨਾਂ ਦੀਆਂ ਦੁਆਵਾਂ ਸਿਰਫ਼ ਆਪਣੇ ਪਰਿਵਾਰ ਲਈ ਨਹੀਂ, ਸਗੋਂ ਉਨ੍ਹਾਂ ਸਭ ਲੋਕਾਂ ਲਈ ਹਨ ਜੋ ਇਸ ਤਣਾਅਪੂਰਨ ਸਥਿਤੀ ਤੋਂ ਪ੍ਰਭਾਵਿਤ ਹੋ ਰਹੇ ਹਨ। ਉਨ੍ਹਾਂ ਨੇ



ਯੂਏਈ ਪ੍ਰਸ਼ਾਸਨ ਅਤੇ ਸਰਕਾਰ ਵੱਲੋਂ ਲੋਕਾਂ ਦੀ ਸੁਰੱਖਿਆ ਲਈ ਕੀਤੀਆਂ ਕੋਸ਼ਿਸ਼ਾਂ ਦੀ ਵੀ ਪ੍ਰਸ਼ੰਸਾ ਕੀਤੀ ਅਤੇ ਆਸ ਜਤਾਈ ਕਿ ਹਾਲਾਤ ਜਲਦੀ ਨਾਰਮਲ ਹੋਣਗੇ। ਅਖੀਰ 'ਚ ਉਨ੍ਹਾਂ ਨੇ ਸ਼ਾਂਤੀ, ਸਥਿਰਤਾ ਅਤੇ ਸਭ ਪਰਿਵਾਰਾਂ ਦੀ ਸੁਰੱਖਿਆ ਲਈ ਅਰਦਾਸ ਕਰਨ ਦੀ ਅਪੀਲ ਕੀਤੀ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਜਲੰਧਰ ਦੇ ਪਿੰਡ ਨੂਰਪੁਰ 'ਚ 12ਵੀਂ ਜਮਾਤ ਦੀ ਵਿਦਿਆਰਥਣ ਖ਼ੁਸ਼ਪ੍ਰੀਤ ਕੌਰ ਨੇ ਕੀਤੀ ਖ਼ੁਦਕੁਸ਼ੀ



**ਜਲੰਧਰ :** ਜਲੰਧਰ ਅਧੀਨ ਆਉਂਦੇ ਪਿੰਡ ਨੂਰਪੁਰ ਦੇ ਸਰਕਾਰੀ ਸਕੂਲ ਵਿਚ 12ਵੀਂ ਜਮਾਤ ਦੀ ਵਿਦਿਆਰਥਣ ਖ਼ੁਸ਼ਪ੍ਰੀਤ ਕੌਰ ਵੱਲੋਂ ਖ਼ੁਦਕੁਸ਼ੀ ਕੀਤੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਖ਼ੁਸ਼ਪ੍ਰੀਤ ਸਵੇਰੇ ਸਕੂਲ ਵਿਚ ਰੋਲ ਨੰਬਰ ਲੈਣ ਗਈ ਸੀ। ਇਸ ਦੌਰਾਨ ਇਕ ਅਧਿਆਪਕਾ ਵੱਲੋਂ ਉਸ ਚੋਰੀ ਕਰਨ ਦਾ ਇਲਜ਼ਾਮ ਲਗਾਇਆ ਅਤੇ ਫਿਰ ਉਸ ਦੇ ਮਾਪਿਆਂ ਨੂੰ ਫੋਨ ਕਰਕੇ ਦੱਸਿਆ ਕਿ ਉਨ੍ਹਾਂ ਦੀ ਕੁੜੀ ਵੱਲੋਂ ਪੈਸੇ ਚੋਰੀ ਕੀਤੇ ਗਏ ਹਨ। ਇਸ ਦੇ ਠੀਕ 15 ਮਿੰਟਾਂ ਬਾਅਦ ਫਿਰ ਦੋਬਾਰਾ ਅਧਿਆਪਕਾ ਨੇ ਫੋਨ ਕਰਕੇ ਕਿਹਾ ਕਿ ਖ਼ੁਸ਼ਪ੍ਰੀਤ ਵੱਲੋਂ ਪੈਸੇ ਚੋਰੀ ਨਹੀਂ ਕੀਤੇ ਗਏ ਹਨ ਅਤੇ ਜਿਸ ਕੁੜੀ ਨੇ ਪੈਸੇ ਚੋਰੀ ਕੀਤੇ ਸਨ, ਉਸ ਨੂੰ ਫੜ ਲਿਆ ਹੈ। ਇਸ ਘਟਨਾ ਮਗਰੋਂ ਖ਼ੁਸ਼ਪ੍ਰੀਤ ਕੌਰ ਦੀ ਲਾਸ਼ ਫਾਹੇ ਨਾਲ ਲਟਕਦੀ ਹੋਈ ਕਲਾਸ ਰੂਮ ਵਿਚੋਂ ਬਰਾਮਦ ਕੀਤੀ ਗਈ। ਮਾਪਿਆਂ ਨੇ ਦੱਸਿਆ ਕਿ ਸਕੂਲ ਤੋਂ ਫੋਨ ਕਰਕੇ ਦੱਸਿਆ ਕਿ ਖ਼ੁਸ਼ਪ੍ਰੀਤ ਨੇ ਖ਼ੁਦਕੁਸ਼ੀ ਕਰ ਲਈ ਹੈ ਜਦਕਿ ਮਾਪਿਆਂ ਦਾ ਕਹਿਣਾ ਹੈ ਕਿ ਕੁਝ ਉਨ੍ਹਾਂ ਦੀ ਕੁੜੀ 'ਤੇ ਕਿਸੇ ਤਰ੍ਹਾਂ ਦਾ ਦਬਾਅ ਪਾਇਆ ਗਿਆ ਸੀ। ਖ਼ੁਸ਼ਪ੍ਰੀਤ ਦੇ ਪਿਤਾ ਵੱਲੋਂ ਕੁੜੀ ਦਾ ਕਤਲ ਹੋਣ ਦੇ ਇਲਜ਼ਾਮ ਲਾਏ ਗਏ ਹਨ। ਉਥੇ ਹੀ ਸਟਾਫ਼ ਨੇ ਕੁੜੀ ਦੇ ਪਰਿਵਾਰ ਵੱਲੋਂ ਲਾਏ ਜਾ ਰਹੇ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਿਆ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਮਕਸੂਦਾਂ ਪੁਲਸ ਥਾਣੇ ਦੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੌਤ ਦਾ ਅਸਲ ਕਾਰਨ ਪੋਸਟਮਾਰਟਮ ਰਿਪੋਰਟ ਅਤੇ ਜਾਂਚ ਤੋਂ ਬਾਅਦ ਹੀ ਸਾਹਮਣੇ ਆਵੇਗਾ।

## ਜਲੰਧਰ ਦੇ ਦੋ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ



**ਜਲੰਧਰ।** ਜਲੰਧਰ ਦੇ ਦੋ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲੇ ਈਮੇਲ ਮਿਲੇ ਹਨ। ਸ਼ਹਿਰ ਦੇ ਕੇਂਦਰ ਵਿੱਚ ਸਥਿਤ ਰਾਮਾ ਮੰਡੀ ਵਿੱਚ ਸਥਿਤ ਏਪੀਜੇ ਸਕੂਲ ਸ਼ਾਖਾ ਅਤੇ ਪੰਜਾਬ ਆਰਮਡ ਪੁਲਿਸ ਕੈਂਪਸ ਨੂੰ ਕ੍ਰਮਵਾਰ ਧਮਕੀਆਂ ਮਿਲੀਆਂ ਹਨ। ਸਕੂਲਾਂ ਵੱਲੋਂ ਸੂਚਨਾ ਮਿਲਣ ਤੋਂ ਬਾਅਦ, ਪੁਲਿਸ ਬਲ ਸਨਿਫਰ ਕੁੱਤਿਆਂ ਅਤੇ ਬੰਬ ਸਕੁਐਡ ਨਾਲ ਮੌਕੇ 'ਤੇ ਪਹੁੰਚੇ। ਪੁਲਿਸ ਨੂੰ ਅਜੇ ਤੱਕ ਬੰਬ ਵਰਗੀ ਕੋਈ ਚੀਜ਼ ਨਹੀਂ ਮਿਲੀ ਹੈ। ਸਕੂਲਾਂ ਨੂੰ ਪਹਿਲਾਂ ਵੀ ਕਈ ਵਾਰ ਇਸ ਤਰ੍ਹਾਂ ਦੀਆਂ ਧਮਕੀਆਂ ਮਿਲ ਚੁੱਕੀਆਂ ਹਨ। ਘਬਰਾਹਟ ਤੋਂ ਬਚਣ ਲਈ, ਸਕੂਲਾਂ ਨੇ ਅਜੇ ਤੱਕ ਛੁੱਟੀ ਨਹੀਂ ਕੀਤੀ ਹੈ। ਪੁਲਿਸ ਦਾ ਕਹਿਣਾ ਹੈ ਕਿ ਜਾਂਚ ਜਾਰੀ ਹੈ। ਧਮਕੀ ਭਰੇ ਈਮੇਲ ਦੇ ਮੂਲ ਦਾ ਪਤਾ ਲਗਾਉਣ ਲਈ ਤਕਨੀਕੀ ਟੀਮਾਂ ਨੂੰ ਵੀ ਤਾਇਨਾਤ ਕੀਤਾ ਗਿਆ ਹੈ।

## ਚੰਡੀਗੜ੍ਹ ਦੇ ਪਾਸਪੋਰਟ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ



**ਚੰਡੀਗੜ੍ਹ।** ਚੰਡੀਗੜ੍ਹ ਵਿਚ ਇਕ ਵਾਰ ਫਿਰ ਬੰਬ ਦੀ ਧਮਕੀ ਨਾਲ ਦਹਿਸ਼ਤ ਫੈਲ ਗਈ। ਅੱਜ ਇੱਕ ਈਮੇਲ ਵਿੱਚ ਸ਼ਹਿਰ ਦੇ ਵੱਖ-ਵੱਖ ਸਰਕਾਰੀ ਅਦਾਰਿਆਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਸੀ। ਧਮਕੀ ਤੋਂ ਬਾਅਦ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੂੰ ਤੁਰੰਤ ਅਲਰਟ 'ਤੇ ਭੇਜ ਦਿੱਤਾ ਗਿਆ। ਇਸ ਧਮਕੀ ਵਿੱਚ ਚੰਡੀਗੜ੍ਹ ਸੈਕਟਰ 17 ਬੱਸ ਸਟੈਂਡ, ਸੈਕਟਰ 34 ਵਿੱਚ ਪਾਸਪੋਰਟ ਸੇਵਾ ਕੇਂਦਰ ਅਤੇ ਇੰਡਸਟਰੀਅਲ ਏਰੀਆ ਵਿੱਚ ਮੁੱਖ ਪਾਸਪੋਰਟ ਦਫਤਰ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਗਈ। ਸੂਚਨਾ ਮਿਲਣ 'ਤੇ, ਬੰਬ ਸਕੁਐਡ, ਫੋਰੈਂਸਿਕ ਟੀਮ ਅਤੇ ਸਬੰਧਤ ਪੁਲਿਸ ਸਟੇਸ਼ਨ ਦੀ ਪੁਲਿਸ ਮੌਕੇ 'ਤੇ ਪਹੁੰਚੀ, ਪੂਰੇ ਖੇਤਰ ਨੂੰ ਸੀਲ ਕਰ ਦਿੱਤਾ ਅਤੇ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ। ਪੁਲਿਸ ਨੇ ਸਾਵਧਾਨੀ ਵਜੋਂ ਬੱਸ ਸਟੈਂਡ ਅਤੇ ਪਾਸਪੋਰਟ ਦਫ਼ਤਰ ਦੇ ਆਲੇ-ਦੁਆਲੇ ਦੇ ਇਲਾਕੇ ਨੂੰ ਖਾਲੀ ਕਰਵਾ ਲਿਆ। ਡੌਗ ਸਕੁਐਡ ਅਤੇ ਬੰਬ ਸਕੁਐਡ ਨੇ ਸ਼ੱਕੀ ਵਸਤੂਆਂ ਦੀ ਭਾਲ ਲਈ ਘੰਟਿਆਂਬੱਧੀ ਜਾਂਚ ਕੀਤੀ। ਫੋਰੈਂਸਿਕ ਟੀਮਾਂ ਨੇ ਈਮੇਲ ਦੇ ਸਰੋਤ ਦਾ ਪਤਾ ਲਗਾਉਣ ਲਈ ਤਕਨੀਕੀ ਜਾਂਚ ਵੀ ਸ਼ੁਰੂ ਕਰ ਦਿੱਤੀ ਹੈ। ਮੁੱਢਲੀ ਜਾਂਚ ਵਿੱਚ ਅਜੇ ਤੱਕ ਕੋਈ ਵਿਸਫੋਟਕ ਜਾਂ ਸ਼ੱਕੀ ਸਮੱਗਰੀ ਨਹੀਂ ਮਿਲੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਥਿਤੀ ਇਸ ਵੇਲੇ ਕਾਬੂ ਵਿੱਚ ਹੈ, ਪਰ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ।


SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸਰਦਾਰ ਬਖਸ਼ੀਸ਼ ਸਿੰਘ ਮਾਨ ਕਨੇਡਾ ਨੇ ਦਿੱਲੀ ਦੀ ਪਾਰਲੀਮੈਂਟ ਅਤੇ ਰਾਜ ਸਭਾ ਦਾ ਦਰਸ਼ਨ ਕੀਤੇ



**ਬੰਗਾ (ਚਰਨਜੀਤ ਸੱਲ੍ਹਾਂ )**ਬੜੀ ਖ਼ੁਸ਼ੀ ਅਤੇ ਮਾਣ ਦੀ ਗੱਲ ਹੈ ਕਿ ਰੋਟਰੀ ਕਲੱਬ ਬੰਗਾ ਗ੍ਰੀਨ ਦੇ ਵਾਇਸ ਪ੍ਰਧਾਨ ਰੋਟ ਸ਼ਮਿੰਦਰ ਸਿੰਘ ਗਰਚਾ ਜੀ ਅਤੇ ਉਨ੍ਹਾਂ ਦੇ ਨਿੱਜੀ ਰਿਸਤੇਦਾਰ ਸਰਦਾਰ ਬਖਸ਼ੀਸ਼ ਸਿੰਘ ਮਾਨ (ਕੈਨੇਡਾ) ਨੂੰ ਦਿੱਲੀ ਦੌਰੇ ਦੌਰਾਨ ਦੇਸ਼ ਦੀ ਉੱਚ ਪਾਰਲੀਮੈਂਟ ਰਾਜ ਸਭਾ ਅਤੇ ਲੋਕ ਸਭਾ ਦੇ ਦਰਸ਼ਨ ਕਰਨ ਦਾ ਸਨਮਾਨਮਈ ਮੌਕਾ ਪ੍ਰਾਪਤ ਹੋਇਆ, ਜੋ ਹਰ ਭਾਰਤੀ ਲਈ ਗੌਰਵ ਦੀ ਗੱਲ ਹੁੰਦੀ ਹੈ ਕਿਉਂਕਿ ਇੱਥੇ ਦੇਸ਼ ਦੀ ਤਰੱਕੀ ਅਤੇ ਭਵਿੱਖ ਨਾਲ ਜੁੜੇ ਮਹੱਤਵਪੂਰਨ ਫੈਸਲੇ ਕੀਤੇ ਜਾਂਦੇ ਹਨ; ਇਹ ਯਾਤਰਾ ਸਿਰਫ ਇੱਕ ਟੂਰ ਨਹੀਂ ਸਗੋਂ ਲੋਕਤੰਤਰਕ ਪ੍ਰਣਾਲੀ ਨੂੰ ਨੇੜੇ ਤੋਂ ਸਮਝਣ ਅਤੇ ਮਹਿਸੂਸ ਕਰਨ ਦਾ ਵਿਸ਼ੇਸ਼ ਅਨੁਭਵ ਹੈ, ਅਤੇ ਅਸੀਂ ਕਾਮਨਾ ਕਰਦੇ ਹਾਂ ਕਿ ਇਹ ਤਜਰਬਾ ਉਨ੍ਹਾਂ ਨੂੰ ਸਮਾਜ ਸੇਵਾ ਦੇ ਰਾਹ ਵਿੱਚ ਹੋਰ ਪ੍ਰੇਰਿਤ ਕਰੇ—ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਉਨ੍ਹਾਂ ਨੂੰ ਦਿਲੋਂ ਢੇਰ ਸਾਰੀਆਂ ਮੁਬਾਰਕਾਂ, ਵਲੋਂ ਰੋਟ ਦਿਲਬਾਗ ਸਿੰਘ ਬਾਗੀ, ਪ੍ਰਧਾਨ ਰੋਟਰੀ ਕਲੱਬ ਬੰਗਾ ਗ੍ਰੀਨ।

# ਸੇਵਾ ਸੰਕਲਪ ਪ੍ਰਸਤਾਵ ਦੇ ਬਾਰੇ ਰੇਲ ਕੋਚ ਫੈਕਟਰੀ ਵਿਖੇ ਮੀਟਿੰਗ ਆਯੋਜਿਤ



**ਕਪੂਰਥਲਾ, ( ਕੌੜਾ )–** ਰੇਲ ਕੋਚ ਫੈਕਟਰੀ, ਕਪੂਰਥਲਾ ਵਿੱਚ ਅੱਜ ਸੇਵਾ ਸੰਕਲਪ ਪ੍ਰਸਤਾਵ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਕੰਮ ਕਰਨ ਬਾਰੇ ਚਰਚਾ ਕਰਨ ਲਈ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਮਹਾਪ੍ਰਬੰਧਕ ਸ਼੍ਰੀ ਅਜੈ ਨੰਦਨ ਵੱਲੋਂ ਕੀਤੀ ਗਈ, ਜਿਸ ਵਿੱਚ ਕਾਰਖਾਨੇ ਦੇ ਸਭ ਸੀਨੀਅਰ ਅਧਿਕਾਰੀਆਂ ਨੇ ਭਾਗ ਲਿਆ। ਮੀਟਿੰਗ ਦੌਰਾਨ ਮਹਾਪ੍ਰਬੰਧਕ ਸ਼੍ਰੀ ਅਜੈ ਨੰਦਨ ਨੇ ਸੇਵਾ ਸੰਕਲਪ ਪ੍ਰਸਤਾਵ ਪੜ੍ਹਿਆ ਅਤੇ ਇਸ ਤੇ ਪ੍ਰਭਾਵੀ ਤਰੀਕੇ ਨਾਲ ਕੰਮ ਕਰਨ ਲਈ ਆਪਣੇ ਕੀਮਤੀ ਸੁਝਾਅ ਪੇਸ਼ ਕੀਤੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਰਾਸ਼ਟਰੀ ਹਿਤ ਨੂੰ ਸਭ ਤੋਂ ਉੱਪਰ ਰੱਖਦਿਆਂ ਸਾਲ 2047 ਤੱਕ ਭਾਰਤ ਨੂੰ ਇੱਕ ਵਿਕਸਿਤ ਰਾਸ਼ਟਰ (ਵਿਕਸਿਤ ਭਾਰਤ–2047) ਬਣਾਉਣ ਦੇ ਰਾਸ਼ਟਰੀ ਸੰਕਲਪ ਵਿੱਚ ਸਰਗਰਮ ਯੋਗਦਾਨ ਦੇਣ ਲਈ ਆਖਿਆ । 2047 ਤੱਕ ਭਾਰਤ ਨੂੰ ਇੱਕ ਸਮਰੱਥ, ਸਮ੍ਰਿੱਧ ਅਤੇ ਆਤਮਨਿਰਭਰ ਰਾਸ਼ਟਰ ਬਣਾਉਣ ਦੀ ਯਾਤਰਾ ਵਿੱਚ ਆਰ ਸੀ ਐਫ ਰਾਸ਼ਟਰੀ ਉਮੀਦਾਂ ਦਾ ਮਜ਼ਬੂਤ ਕੇਂਦਰ ਬਣੇਗਾ।

ਮਹਾਪ੍ਰਬੰਧਕ ਨੇ ਵਿਸ਼ਵ ਪੱਧਰ ਦੇ ਰੇਲ ਕੋਚਾਂ ਦੇ ਨਿਰਮਾਣ 'ਤੇ ਵਿਸ਼ੇਸ਼ ਜ਼ੋਰ ਦਿੰਦਿਆਂ ਉੱਤਮ ਗੁਣਵੱਤਾ ਯਕੀਨੀ ਬਣਾਉਣ ਅਤੇ ਨਿਰਮਾਣ ਪ੍ਰਕਿਰਿਆਵਾਂ ਵਿੱਚ ਨਵੀਂ ਤੋਂ ਨਵੀਂ ਤਕਨਾਲੋਜੀ ਦੇ ਵੱਧ ਤੋਂ ਵੱਧ ਉਪਯੋਗ ਦੀ ਲੋੜ ਉੱਤੇ ਭੀ ਜ਼ੋਰ ਦਿੱਤਾ।

ਇਸ ਮੌਕੇ ਸ਼੍ਰੀ ਰਵੀ ਕੁਮਾਰ, ਪ੍ਰਧਾਨ ਮੁੱਖ ਯਾਂਤ੍ਰਿਕ ਇੰਜੀਨੀਅਰ, ਸ਼੍ਰੀ ਭੂਪੇਸ਼ਵਰ ਅੜ੍ਹੀ ਪ੍ਰਧਾਨ ਮੁੱਖ ਕਾਰਮਿਕ ਅਧਿਕਾਰੀ ਅਤੇ ਸ਼੍ਰੀ ਸੰਜੈ ਅਗਰਵਾਲ ਪ੍ਰਮੁੱਖ ਮੁੱਖ ਸਮੱਗਰੀ ਪ੍ਰਬੰਧਕ ਨੇ ਵੀ ਆਪਣੇ ਵਿਚਾਰ ਅਤੇ ਸੁਝਾਅ ਸਾਂਝੇ ਕੀਤੇ ਅਤੇ ਸੇਵਾ ਸੰਕਲਪ ਪ੍ਰਸਤਾਵ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਲਈ ਸਾਂਝੇ ਯਤਨਾਂ 'ਤੇ ਜ਼ੋਰ ਦਿੱਤਾ। ਇਸ ਦੇ ਨਾਲ ਹੀ ਬੁਲਾਰਿਆਂ ਨੇ ਵਾਤਾਵਰਣ ਦੀ ਸੰਭਾਲ ਦੇ ਮਹੱਤਵ ਨੂੰ ਰੇਖਾਂਕਿਤ ਕਰਦਿਆਂ ਟਿਕਾਊ ਅਤੇ ਵਾਤਾਵਰਣ ਮਿੱਤਰ ਕਾਰਜ ਪ੍ਰਣਾਲੀਆਂ ਅਪਣਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਮੀਟਿੰਗ ਵਿੱਚ ਸੇਵਾ ਸੰਕਲਪ ਦੇ ਉਦੇਸ਼ਾਂ ਨੂੰ ਸਮੇਂਬੱਧ ਅਤੇ ਯੋਜਨਾ ਬੱਧ ਢੰਗ ਨਾਲ ਲਾਗੂ ਕਰਨ, ਕਾਰਜਾਂ ਦੀ ਨਿਯਮਿਤ ਸਮੀਖਿਆ ਕਰਨ ਅਤੇ ਸੰਗਠਨਾਤਮਕ ਦੱਖਲਤਾ ਅਤੇ ਜਨ ਸੇਵਾ ਦੀ ਗੁਣਵੱਤਾ ਨੂੰ ਹੋਰ ਮਜ਼ਬੂਤ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ।

ਅੰਤ ਵਿੱਚ ਸਭ ਅਧਿਕਾਰੀਆਂ ਨੇ ਸੇਵਾ ਸੰਕਲਪ ਪ੍ਰਸਤਾਵ ਦੇ ਸਫਲ ਲਾਗੂਕਰਨ ਲਈ ਆਪਣੀ ਵਚਨਬੱਧਤਾ ਪ੍ਰਗਟ ਕਰਦਿਆਂ ਰਾਸ਼ਟਰ ਨਿਰਮਾਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਸੰਕਲਪ ਲਿਆ।

# 10 ਮਾਰਚ ਨੂੰ ਬਰਨਾਲਾ ਵਿਖੇ ਸੰਯੁਕਤ ਕਿਸਾਨ ਮੋਰਚੇ ਦੀ ਹੋਵੇਗੀ ਇਤਿਹਾਸਿਕ ਰੈਲੀ – ਮਨਜੀਤ ਧਨੇਰ

**● 6 ਮਾਰਚ ਨੂੰ ਬਠਿੰਡਾ ਵਿਖੇ ਕੀਤੇ ਜਾ ਰਹੇ ਲਲਕਾਰ ਮਾਰਚ ਵਿੱਚ ਕੀਤੀ ਜਾਵੇਗੀ ਭਰਵੀਂ ਸ਼ਮੂਲੀਅਤ – ਗੁਰਦੀਪ ਰਾਮਪੁਰਾ ● 23 ਮਾਰਚ ਨੂੰ ਮਨਾਇਆ ਜਾਵੇਗਾ ਸਾਮਰਾਜ ਵਿਰੋਧੀ ਦਿਵਸ – ਹਰਨੇਕ ਮਹਿਮਾ**

**ਬਰਨਾਲਾ (ਗੁਰਭਿੰਦਰ ਗੁਰੀ)** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਸੂਬਾਈ ਮੀਟਿੰਗ ਮਨਜੀਤ ਸਿੰਘ ਧਨੇਰ ਦੀ ਪ੍ਰਧਾਨਗੀ ਹੇਠ ਬਰਨਾਲਾ ਦੇ ਤਰਕਸ਼ੀਲ ਭਵਨ ਵਿਖੇ ਹੋਈ। ਮੀਟਿੰਗ ਵਿੱਚ ਸੂਬਾ ਕਮੇਟੀ ਤੋਂ ਇਲਾਵਾ 14 ਜ਼ਿਲ੍ਹਿਆਂ ਦੇ ਆਗੂਆਂ ਨੇ ਭਾਗ ਲਿਆ। ਮੀਟਿੰਗ ਵਿੱਚ ਕੇਂਦਰ ਸਰਕਾਰ ਦੀਆਂ ਨਿੱਜੀਕਰਨ ਦੀਆਂ ਨੀਤੀਆਂ ਅਤੇ ਪੰਜਾਬ ਸਰਕਾਰ ਦਾ ਕਿਸਾਨ ਮਜ਼ਦੂਰ ਵਿਰੋਧੀ ਰਵੱਈਆ ਮੁੱਖ ਤੌਰ ਤੇ ਚਰਚਾ ਵਿੱਚ ਰਿਹਾ।ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਪੰਜਾਬ ਦੇ ਪਾਣੀਆਂ ਦਾ ਮਸਲਾ, ਕਿਸਾਨਾਂ ਮਜ਼ਦੂਰਾਂ ਦੀ ਕਰਜ਼ਾ ਮੁਕਤੀ, ਹੜ੍ਹ ਪੀੜਤ ਕਿਸਾਨਾਂ ਦੀਆਂ ਮੰਗਾਂ ਅਤੇ ਸਾਰੀਆਂ ਫਸਲਾਂ ਦੀ ਐਮਐਸਪੀ ਤੇ ਖਰੀਦ ਦੀ ਗਰੰਟੀ ਦਾ ਕਾਨੂੰਨ ਬਣਾਉਣ ਤੋਂ ਇਲਾਵਾ ਕੇਂਦਰ ਸਰਕਾਰ ਵੱਲੋਂ ਕੀਤੇ ਜਾ ਰਹੇ ਮੁਕਤ ਵਪਾਰ ਸਮਝੌਤੇ ਅਤੇ ਨਿੱਜੀਕਰਨ ਦੀਆਂ ਹੋਰ ਨੀਤੀਆਂ ਦੇ ਖਿਲਾਫ 10 ਮਾਰਚ ਨੂੰ ਬਰਨਾਲਾ ਵਿਖੇ ਮਹਾਂ ਰੈਲੀ ਕੀਤੀ ਜਾ ਰਹੀ ਹੈ। ਜਥੇਬੰਦੀ ਦੇ ਆਗੂ ਅਤੇ ਵਰਕਰ ਇਸ ਮਹਾਂ ਰੈਲੀ ਵਿੱਚ ਵੱਧ ਚੜ ਕੇ ਸ਼ਾਮਿਲ ਹੋਣਗੇ। ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਅਤੇ ਸੂਬੇ ਦੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਮੀਟਿੰਗ ਵਿੱਚ ਹੋਏ ਫੈਸਲੇ ਬਾਰੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਅਤੇ ਮਜ਼ਦੂਰਾਂ ਦੇ ਘੋਲਾਂ ਖਿਲਾਫ ਜਬਰ ਦੀ ਨੀਤੀ ਅਪਣਾਈ ਹੋਈ ਹੈ। ਪੰਜਾਬ ਸਰਕਾਰ ਨੇ ਪੁਲਿਸ ਨੂੰ ਖੁੱਲ੍ਹੀ ਛੁੱਟੀ ਦੇ ਕੇ ਪੰਜਾਬ ਨੂੰ ਪੁਲਿਸ ਰਾਜ ਵਿੱਚ ਬਦਲ ਦਿੱਤਾ ਹੈ। ਬਠਿੰਡਾ ਜ਼ਿਲ੍ਹੇ ਦੇ ਪਿੰਡ ਜਿਉਂਦ ਵਿਖੇ ਪਿੰਡ ਤੇ ਕੀਤੇ ਗਏ ਜ਼ੁਲਮ ਤੋਂ ਇਲਾਵਾ ਕੁੱਲਰੀਆਂ ਜ਼ਮੀਨੀ ਘੋਲ ਵਿੱਚ ਬੀਕੇਯੂ ਏਕਤਾ ਡਕੌਂਦਾ ਦੀ ਸੂਬਾ ਕਮੇਟੀ ਸਮੇਤ ਹੋਰ ਆਗੂਆਂ ਤੇ ਝੂਠੇ ਕੇਸ ਪਾਏ ਹੋਏ ਹਨ ਅਤੇ ਇੱਕ ਕਿਸਾਨ ਵਰਕਰ ਨੂੰ ਜੇਲ੍ਹ ਵਿੱਚ ਬੰਦ ਕੀਤਾ ਹੋਇਆ ਹੈ। ਇਸੇ ਤਰ੍ਹਾਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੌਦ ਅਤੇ ਟਰਾਂਸਪੋਰਟ ਕਾਮਿਆਂ ਦੇ



ਆਗੂਆਂ ਨੂੰ ਵੀ ਜੇਲ੍ਹਾਂ ਵਿੱਚ ਬੰਦ ਕੀਤਾ ਹੋਇਆ ਹੈ। ਪੰਜਾਬ ਸਰਕਾਰ ਦੀ ਇਸ ਚੁਣੌਤੀ ਦਾ ਜਵਾਬ ਦੇਣ ਲਈ ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ 6 ਮਾਰਚ ਨੂੰ ਬਠਿੰਡਾ ਵਿਖੇ ਲਲਕਾਰ ਮਾਰਚ ਕੀਤਾ ਜਾ ਰਿਹਾ ਹੈ। ਮੀਟਿੰਗ ਵਿੱਚ ਸਾਰੇ ਜ਼ਿਲਿਆਂ ਦੇ ਆਗੂਆਂ ਅਤੇ ਵਰਕਰਾਂ ਦੀਆਂ ਇਸ ਮਾਰਚ ਵਿੱਚ ਪਹੁੰਚਣ ਲਈ ਡਿਊਟੀਆਂ ਲਾਈਆਂ ਗਈਆਂ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਅਮਨਦੀਪ ਸਿੰਘ ਲਲਤੋਂ ਅਤੇ ਜਥੇਬੰਦਕ ਸਕੱਤਰ ਕੁਲਵੰਤ ਸਿੰਘ ਕਿਸ਼ਨਗੜ੍ਹ ਨੇ ਦੱਸਿਆ ਕਿ 23 ਮਾਰਚ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਾਮਰਾਜ ਵਿਰੋਧੀ ਦਿਵਸ ਵਜੋਂ ਮਨਾਇਆ ਜਾਵੇਗਾ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮੁਕਤ ਵਪਾਰ ਸਮਝੌਤਾ, ਬਿਜਲੀ ਸੋਧ ਬਿੱਲ, ਬੀਜ ਬਿੱਲ, ਚਾਰ ਲੇਬਰ ਕੋਡ ਅਤੇ ਮਗਨਰੇਗਾ ਕਾਨੂੰਨ ਨੂੰ ਭੰਗ ਕਰਨ ਦੀਆਂ ਚਾਲਾਂ ਅਸਲ ਵਿੱਚ ਬਹੁ ਕੌਮੀ ਕਾਰਪੋਰੇਸ਼ਨਾਂ ਦੇ ਹਿੱਤ ਪੂਰਨ ਲਈ ਕੀਤੀਆਂ ਜਾ ਰਹੀਆਂ ਹਨ। 23 ਮਾਰਚ ਦੇ ਸ਼ਹੀਦਾਂ ਨੇ ਸਾਮਰਾਜ ਦੀ ਇਸ ਲੁੱਟ ਖੋਹ ਤੋਂ ਮੁਕਤੀ ਲਈ ਹੀ ਆਪਣੀਆਂ ਸ਼ਹੀਦੀਆਂ ਦਿੱਤੀਆਂ ਸਨ। ਇਸ ਲਈ 23 ਮਾਰਚ ਨੂੰ ਇਹਨਾਂ ਨੀਤੀਆਂ ਦੇ ਖਿਲਾਫ ਅਤੇ ਇਹਨਾਂ ਦੀ ਜੰਮਣ ਭੋ ਸਾਮਰਾਜ ਦੇ ਖਿਲਾਫ ਸਾਮਰਾਜ ਵਿਰੋਧੀ ਦਿਵਸ ਮਨਾਇਆ ਜਾਵੇਗਾ। ਮੀਟਿੰਗ ਵਿੱਚ ਪਿਛਲੇ ਪ੍ਰੋਗਰਾਮਾਂ ਦੀ ਸਮੀਖਿਆ ਕੀਤੀ ਗਈ। 4 ਫਰਵਰੀ ਤੋਂ 11 ਫਰਵਰੀ ਤੱਕ ਦਰਜਨਾਂ ਪਿੰਡਾਂ ਵਿੱਚ ਨਰਿੰਦਰ ਮੋਦੀ, ਡੋਨਾਲਡ ਟਰੰਪ ਅਤੇ ਭਗਵੰਤ ਮਾਨ ਦੇ ਪੁਤਲੇ ਸਾੜਨ ਦੀ ਮੁਹਿੰਮ,12 ਫਰਵਰੀ ਦੀ ਇਤਿਹਾਸਿਕ ਹੜਤਾਲ ਅਤੇ 22 ਫਰਵਰੀ ਨੂੰ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਦੇ ਘਰਾਂ ਅਤੇ ਦਫਤਰਾਂ ਅੱਗੇ ਕੀਤੇ ਗਏ ਰੋਸ ਪ੍ਰਦਰਸ਼ਨਾਂ ਵਿੱਚ ਜਥੇਬੰਦੀ ਦੀ ਸ਼ਮੂਲੀਅਤ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ।ਮੀਟਿੰਗ ਵਿੱਚ ਪੰਜਾਬ ਵਿੱਚ ਪੁਲਿਸ ਰਾਜ ਸਥਾਪਿਤ ਕਰਕੇ ਪੰਜਾਬ ਨੂੰ ਫਿਰ ਤੋਂ ਕਾਲੇ ਦੌਰ ਵੱਲ ਧੱਕਣ ਦੇ ਯਤਨਾਂ ਦਾ ਸਖਤ ਨੋਟਿਸ ਲਿਆ ਗਿਆ ਅਤੇ ਆਦੀਆਂ ਪਿੰਡ ਦੇ 19 ਸਾਲਾਂ ਨੌਜਵਾਨ ਰਣਜੀਤ ਸਿੰਘ ਦੇ ਪੁਲਿਸ ਮੁਕਾਬਲੇ ਦੀ ਜਾਂਚ ਕਰਵਾਉਣ ਦੀ ਮੰਗ ਕਰਦਿਆਂ ਕਤਲ ਵਿਰੋਧੀ ਘੋਲ ਦੀ ਹਮਾਇਤ ਕੀਤੀ ਗਈ।

ਮੀਟਿੰਗ ਨੇ ਮਤਾ ਪਾਸ ਕਰ ਕੇ ਅਮਰੀਕਾ ਵੱਲੋਂ ਦੂਜੇ ਦੇਸਾਂ ਦੀ ਲੁੱਟ ਖੋਹ ਕਰਨ ਲਈ ਵੈਨਜ਼ੂਏਲਾ ਤੇ ਹਮਲਾ ਕਰਨ, ਕਿਊਬਾ ਦੀ ਆਰਥਿਕ ਨਾਕਾਬੰਦੀ ਅਤੇ ਇਰਾਨ ਤੇ ਕੀਤੇ ਗਏ ਹਮਲੇ ਦੀ ਨਿਖੇਧੀ ਕੀਤੀ।

ਮੀਟਿੰਗ ਵਿੱਚ ਗੁਰਦੇਵ ਸਿੰਘ ਮਾਂਗੇਵਾਲ, ਅੰਗਰੇਜ਼ ਸਿੰਘ ਭਦੌੜ, ਮੱਖਣ ਸਿੰਘ ਭੈਣੀ ਬਾਘਾ, ਕਰਮਜੀਤ ਸਿੰਘ ਰਾਮ ਨਗਰ ਛੰਨਾਂ, ਗੁਰਦੀਪ ਸਿੰਘ ਖੁੱਡੀਆਂ, ਗੁਲਜਾਰ ਸਿੰਘ ਕਬਰ ਵੱਛਾ , ਤਾਰਾ ਚੰਦ ਬਰੇਟਾ, ਜੁਗਰਾਜ ਸਿੰਘ ਹਰਦਾਸਪੁਰਾ, ਜਗਤਾਰ ਸਿੰਘ ਦੁੱਗਾਂ, ਜਸਵਿੰਦਰ ਬਿੰਦੂ ਸੁੰਨੜਵਾਲ , ਪ੍ਰਦੀਪ ਮੁਸਾਹਿਬ, ਹਰਮੀਤ ਸਿੰਘ, ਲਖਵੀਰ ਸਿੰਘ ਅਕਲੀਆ, ਹਰਵਿੰਦਰ ਸਿੰਘ ਕੋਟਲੀ, ਗੁਰਨਾਮ ਸਿੰਘ ਮਹਿਰਾਜ, ਤਾਰਾ ਚੰਦ ਬਰੇਟਾ, ਗੁਰਦੀਪ ਸਿੰਘ ਖੁੱਡੀਆਂ, ਜਸਕਰਨ ਸਿੰਘ ਮੋਰਾਂਵਾਲੀ, ਬਲਜਿੰਦਰ ਸਿੰਘ ਵੜਿੰਗ, ਹਰਮੰਦਰ ਸਿੰਘ ਭਾਗੀ ਕੇ, ਦੇਵੀ ਰਾਮ ਰੰਘੜਿਆਲ, ਪਿੰਦਰ ਸਿੰਘ ਕੰਬੋਜ, ਬਲਵਿੰਦਰ ਸਿੰਘ ਫਾਜ਼ਿਲਕਾ, ਜਤਿੰਦਰ ਸਿੰਘ ਕੜਮਾਂ ਅਤੇ ਰਵਿੰਦਰ ਜੀਤ ਸਿੰਘ ਢੈਪਈ ਸਮੇਤ ਹੋਰ ਵੀ ਕਿਸਾਨ ਆਗੂ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਦੂਸ਼ਿਤ ਤੇ ਮੈਲਾ ਪਾਣੀ ਪੀ ਕੇ ਕਾਠਗੜ੍ਹ ਨਿਵਾਸੀ ਕਿਵੇਂ ਤੁੰਦਰੁਸਤ ਰਹਿ ਸਕਦੇ

**● ਬੀਮਾਰੀਆਂ ਵੰਡ ਰਿਹਾਂ ਵਾਟਰ ਸਪਲਾਈ ਵਿਭਾਗ ● ਸਿਹਤ ਵਿਭਾਗ ਦੀਆਂ ਟੀਮਾਂ ਘਰ ਘਰ ਜਾ ਕੇ ਕਰ ਰਹੀ ਜਾਗਰੂਕ ● ਪਾਣੀ ਦੀ ਟੈਂਕੀ ਦੀ ਸਫਾਈ ਨਾ ਹੋਣ ਤੇ ਥਾਂ ਥਾਂ ਤੋਂ ਪਾਣੀ ਦੀ ਹੋ ਰਹੀ ਲੀਕੇਜ਼ ● ਸਿਹਤ ਵਿਭਾਗ ਵਲੋਂ ਲੋਕਾਂ ਨੂੰ ਪਾਣੀ ਉਬਾਲ ਕੀ ਪੀਣ ਦੀ ਦਿੱਤੀ ਸਲਾਹ**

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )–** ਦੂਸ਼ਿਤ ਤੇ ਮੈਲਾ ਪਾਣੀ ਪੀ ਕੇ ਕਾਠਗੜ੍ਹ ਨਿਵਾਸੀ ਕਿਵੇ ਤੁੰਦਰੁਸਤ ਰਹਿ ਸਕਣਗੇ । ਅਜਿਹਾ ਹਾਲ ਕਾਠਗੜ੍ਹ ਦੇ ਆਸ ਪਾਸ ਬਣਿਆ ਹੋਇਆ ਹੈ । ਲੋਕਾਂ ਦੇ ਘਰਾਂ ਨੂੰ ਦੂਸ਼ਿਤ ਤੇ ਬਦਬੂਦਾਰ ਪਾਣੀ ਦੀ ਸਪਲਾਈ ਹੋ ਰਹੀ ਹੈ ਜਿਸ ਨਾਲ ਲੋਕ ਬੀਮਾਰੀਆਂ ਦੀ ਜਕੜ ਵਿੱਚ ਆ ਰਹੇ ਹਨ । ਪਿੰਡ ਵਾਸੀਆਂ ਨੂੰ ਸ਼ੁੱਧ ਪਾਣੀ ਪੀਣ ਦੇ ਲਈ ਤਰਸਣਾ ਪੈ ਰਿਹਾਂ ਹੈ । ਜਦਕਿ ਜਲ ਸਪਲਾਈ ਵਿਭਾਗ ਲੋਕਾਂ ਨੂੰ ਬੀਮਾਰੀਆਂ ਵੰਡ ਰਿਹਾ ਹੈ । ਦੂਸ਼ਿਤ ਪਾਣੀ ਦੀ ਸਪਲਾਈ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ । ਪਿੰਡ ਵਾਸੀਆ ਨੇ ਦੱਸਿਆ ਕਿ ਬੇਸ਼ਕ ਜਲ ਸਪਲਾਈ ਵਿਭਾਗ ਲੋਕਾ ਨੂੰ ਸ਼ੁੱਧ ਪਾਣੀ ਮੁਹੱਈਆਂ ਕਰਵਾਉਣ ਲਈ ਯਤਨ ਕਰ ਰਿਹਾ ਹੈ ਲੇਕਿਨ ਲੋਕਾਂ ਨੂੰ ਸਾਫ ਪਾਣੀ ਨਹੀ ਮਿਲ ਰਿਹਾ । ਇਹ ਸਭ ਵਿਭਾਗ ਦੀ ਲਾਪ੍ਰਵਾਹੀ ਦੇ ਚੱਲਦੇ ਹੋ ਰਿਹਾ ਹੈ । ਇਲਾਕਾ ਨਿਵਾਸੀਆਂ ਨੌਜਵਾਨ, ਬੱਚੇ , ਬੁੱਢੇ ਸਾਰੇ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ । ਲੋਕ ਪਿਛਲੇ ਦੋ ਦਿਨ ਤੋਂ ਗੰਦੇ ਤੇ ਬਦਬੂਦਾਰ ਪਾਣੀ ਦੀ ਸਮੱਸਿਆ ਨਾਲ ਪਰੇਸ਼ਾਨ ਹਨ । ਗੰਦੇ



ਕਾਠਗੜ੍ਹ ਦੇ ਸਰਪੰਚ ਰਿਸ਼ੂ ਬਾਲਾ ਅਤੇ ਐਸ ਡੀ ਓ ਮਨਜੀਤ ਸਿੰਘ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਾਣੀ ਦੀ ਟੈਂਕੀ ਅਤੇ ਟਿਊਬਵੈਲ ਦੀਆਂ ਤਸਵੀਰਾਂ



ਪਾਣੀ ਦਾ ਮੁੱਖ ਕਾਰਨ ਟੈਂਕੀ ਦੀ ਸਫਾਈ ਨਾ ਹੋਣ ਤੇ ਜਗ੍ਹਾ ਜਗ੍ਹਾ ਤੇ ਲੀਕੇਜ਼ ਹੋਣ ਪਾਇਆ ਗਿਆ । ਜਦਕਿ ਸਿਹਤ ਵਿਭਾਗ ਵਲੋਂ ਲੋਕਾਂ ਨੂੰ ਪਾਣੀ ਉਬਾਲ ਕੇ ਪੀਣ ਦੀ ਸਲਾਹ ਦਿੱਤੀ ਗਈ ।

ਪੀਣ ਵਾਲੇ ਪਾਣੀ ਦੀ ਇਸ ਸਮੱਸਿਆ ਨੂੰ ਜਦ ਪੰਚਾਇਤ ਦੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਕਾਠਗੜ੍ਹ ਦੀ ਸਰਪੰਚ ਰਿਸ਼ੂ ਬਾਲਾ ਨੇ ਤੁਰੰਤ ਖੁਦ ਪਾਣੀ ਵਾਲੀ ਟੈਂਕੀ ਨੂੰ ਚੈੱਕ ਕੀਤਾ ਤਾ ਦੇਖਿਆ ਕਿ ਪਾਣੀ ਵਾਲੇ ਟੈਂਕੀ ਤੇ ਢੱਕਣ ਵੀ ਨਹੀ ਤੇ ਟੈਂਕੀ ਦੀ ਕੋਈ ਸਫਾਈ ਤੱਕ ਵੀ ਨਹੀ ਕੀਤੀ ਸੀ । ਜਿਸ ਨੂੰ ਉਨ੍ਹਾਂ ਨੇ ਮੌਕੇ ਤੇ ਹੀ ਟੈਂਕੀ ਨੂੰ ਸਾਫ ਕਰਵਾਇਆ ਤੇ ਜਲ ਸਪਲਾਈ ਵਿਭਾਗ ਦੇ ਕਰਮਚਾਰੀ ਨੂੰ ਅੱਗੇ ਤੋਂ ਟੈਂਕੀ ਦੀ ਸਾਫ ਸਫਾਈ ਵੱਲ ਧਿਆਨ ਦੇਣ ਦੀ ਤਾੜਨਾ ਕੀਤੀ ।ਥਾਂ ਥਾਂ ਹੋ ਰਹੀ ਲੀਕੇਜ਼ ,ਵਿਭਾਗ ਨਹੀ ਦੇ ਰਿਹਾ ਕੋਈ ਧਿਆਨ

ਲੋਕ ਨੂੰ ਸਾਫ ਤੇ ਸ਼ੁੱਧ ਪਾਣੀ ਦੇਣ ਦੀ ਦਾਅਵਿਆ ਦੀ ਉਦੋਂ ਪੋਲ ਖੁੱਲੀ ਜਦੋਂ ਕਾਠਗੜ੍ਹ ਵਿੱਚ ਗੰਦੇ ਦੇ ਬਦਬੂਦਾਰ ਪਾਣੀ ਨਾਲ ਲੋਕਾਂ ਵਿੱਚ ਹੜਕੰਪ ਮਚ ਗਿਆ । ਦੇਖਣ ਵਿੱਚ ਆਇਆ ਕਿ ਪਿੰਡ ਵਿੱਚ ਜਗਾਂ ਜਗਾਂ ਪਾਣੀ ਦੀ ਲੀਕੇਜ਼ , ਗੰਦੇ ਤੇ ਸਾਫ ਪਾਣੀ ਮਿਕਸ ਹੋ ਕੇ ਲੋਕਾਂ ਦੇ ਘਰਾਂ ਤੱਕ ਪਹੁੰਚ ਰਿਹਾ । ਜਿਸ ਨਾਲ ਲੋਕ ਬੀਮਾਰੀਆਂ ਦੀ ਜਕੜ ਵਿੱਚ ਆ ਰਹੇ ਹਨ । ਲੋਕਾਂ ਨੇ ਜਲ ਵਿਭਾਗ ਨੂੰ ਥਾਂ ਥਾਂ ਹੋ ਰਹੀ ਲੀਕੇਜ਼ ਨੂੰ ਤੁਰੰਤ ਠੀਕ ਕਰਵਾਉਣ ਲਈ ਅਪੀਲ ਕੀਤੀ ।

ਘਰ ਘਰ ਜਾ ਕੇ ਸਿਹਤ ਵਿਭਾਗ ਕਰ ਰਿਹਾ ਜਾਗਰੂਕ





ਕਸਬੇ ਵਿੱਚ ਪਿਛਲੇ ਕਈ ਦਿਨਾਂ ਤੋਂ ਦੂਸ਼ਿਤ ਪਾਣੀ ਦੀ ਸਪਲਾਈ ਹੋਣ ਕਰਕੇ ਲੋਕ ਅਲੱਗ ਅਲੱਗ ਬੀਮਾਰੀਆਂ ਦੀ ਲਪੇਟ ਵਿੱਚ ਆ ਚੁੱਕੇ ਹਨ । ਜਿਸਦੇ ਚੱਲਦੇ ਸਿਹਤ ਵਿਭਾਗ ਵਲੋਂ ਲੋਕਾਂ ਨੂੰ ਘਰ ਘਰ ਜਾ ਕੇ ਪਾਣੀ ਉਬਾਲ ਕੀ ਪੀਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ । ਜਦੋਂ ਇਸ ਸਬੰਧ ਵਿੱਚ ਐਸ ਐਮ ਓ ਬਲਾਚੌਰ ਜਤਿੰਦਰ ਪਾਲ ਜਿਨਾਂ ਕੋਲ ਵਾਧੂ ਚਾਰਜ ਹੈ ਉਨ੍ਹਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਵਿਭਾਗ ਵਲੋਂ ਹੈਥਲ ਵਰਕਰਾਂ ਦੀ ਟੀਮ ਡਿਊਟੀ ਲਗਾਈ ਗਈ ਹੈ ਉਹ ਘਰ ਘਰ ਜਾ ਕੇ ਲੋਕਾਂ ਨੂੰ ਪਾਣੀ ਉਬਾਲ ਕੇ ਪੀਣ ਤੇ ,ਓਆਰਐਸ ਦੇ ਪੈਕਟ ਵੰਡੇ ਜਾ ਰਹੇ ਹਨ ਤੇ ਲੋਕਾਂ ਨੂੰ ਆਪਣੇ ਆਪਣੇ ਘਰਾਂ ਦੀ ਟੈਂਕੀਆਂ ਨੂੰ ਤੁਰੰਤ ਸਾਫ ਕਰਨ ਤੇ ਪਾਣੀ ਵਿੱਚ ਕਲੋਰੀਨ ਦੀਆਂ ਗੋਲੀਆਂ ਪਾਉਣ ਲਈ ਕਿਹਾ ਗਿਆ ।

ਜਦੋਂ ਇਸ ਸਬੰਧ ਵਿੱਚ ਐਸ ਡੀ ਓ ਵਾਟਰ ਸਪਲਾਈ ਮਨਜੀਤ ਸਿੰਘ ਨਵਾਂਸ਼ਹਿਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪਾਣੀ ਦੀ ਟੈਂਕੀ ਦੀ ਸਫਾਈ ਕਰਵਾਈ ਗਈ ਹੈ। ਅਤੇ ਉਸ ਵਿੱਚ ਕਲੋਰੀਨ ਦੀ ਦਵਾਈ ਪੁਆਈ ਜਾ ਰਹੀ ਹੈ । ਜਲਦ ਹੀ ਇਸ ਗੰਦੇ ਪਾਣੀ ਦੀ ਸਮੱਸਿਆ ਨੂੰ ਹੱਲ ਕਰ ਲਿਆ ਜਾਵੇਗਾ ਤੇ ਲੋਕਾ ਨੂੰ ਸ਼ੁੱਧ ਤੇ ਸਾਫ ਸੁਥਰਾ ਪਾਣੀ ਮੁਹੱਈਆ ਹੋਵੇਗਾ ।

# ਸਰਕਾਰੀ ਪ੍ਰਾਇਮਰੀ ਸਕੂਲ ਤਲਵੰਡੀ ਰਾਏ ਦੇ ਬੱਚਿਆਂ ਨੇ ਗੁਰੂ ਆਸਰੇ ਨਾਲ ਨਵੇਂ ਸ਼ੈਸਨ ਦੀ ਕੀਤੀ ਆਰੰਭਤਾ

**ਰਾਏਕੋਟ, (ਗੁਰਭਿੰਦਰ ਗੁਰੀ) )** ਨਜਦੀਕੀ ਪਿੰਡ ਤਲਵੰਡੀ ਰਾਏ ਦੇ ਸਰਕਾਰੀ ਐਲੀਮੈਂਟਰੀ ਸੈਂਟਰ ਸਮਾਰਟ ਸਕੂਲ ਵਿਖੇ ਬਾਬਾ ਬਲਦੇਵ ਸਿੰਘ ਜੀ ਰਾਜੋਆਣਾ ਕਲਾਂ ਦੀ ਪ੍ਰੇਰਣਾ ਸਦਕਾ ਨਵੇਂ ਸੈਸ਼ਨ ਦੀ ਆਰੰਭਤਾ ਅਤੇ ਸਕੂਲ ਦੀ ਚੜ੍ਹਦੀ ਕਲਾ ਲਈ ਸਮੂਹ ਗ੍ਰਾਮ ਪੰਚਾਇਤ ਅਤੇ ਐੱਸਐੱਮਸੀ ਦੇ ਸਹਿਯੋਗ ਨਾਲ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਹੈੱਡ ਗ੍ਰੰਥੀ ਗਿਆਨੀ ਚਮਕੌਰ ਸਿੰਘ ਜੀ ਵੱਲੋਂ ਗੁਰਬਾਣੀ ਦੇ ਜਾਪ ਕੀਤੇ ਗਏ। ਉਪਰੰਤ ਬਾਬਾ ਜਗਰਾਜ ਸਿੰਘ ਜੀ ਤਲਵੰਡੀ ਰਾਏ ਵਾਲਿਆਂ ਦੇ ਕੀਰਤਨੀਏ ਜੱਥੇ ਵੱਲੋਂ ਗੁਰ ਮਰਿਆਦਾ ਅਨੁਸਾਰ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ। ਪਾਠ ਦੇ ਭੋਗ ਉਪਰੰਤ ਸੈਂਟਰ ਮੁੱਖ ਅਧਿਆਪਕ ਬਰਮੀ ਪ੍ਰਭਜੋਤ ਸਿੰਘ ਤਲਵੰਡੀ ਵੱਲੋਂ ਆਈਆਂ ਸੰਗਤਾਂ ਨੂੰ ਜੀ ਆਇਆ ਆਖਦੇ ਹੋਏ ਧੰਨਵਾਦ ਵੀ ਕੀਤਾ ਗਿਆ। ਇਸ ਮੌਕੇ ਸੀਐੱਚਟੀ ਬਲਵਿੰਦਰ ਸਿੰਘ ਤਲਵੰਡੀ ਰਾਏ ਅਤੇ ਸਕੂਲ ਸਟਾਫ਼ ਵੱਲੋਂ ਦਾਨੀ ਸੱਜਣਾਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਗੁਰਪ੍ਰੀਤ ਸਿੰਘ ਸੰਧੂ ਬੀਪੀਈਓ, ਬਲਵਿੰਦਰ ਸਿੰਘ ਯੂਕੇ, ਸ਼ਿੰਦਰਪਾਲ ਸਿੰਘ ਢਿੱਲੋਂ, ਮਾਸਟਰ ਜਰਨੈਲ ਸਿੰਘ, ਭੁਪਿੰਦਰ ਸਿੰਘ, ਇੰਸਪੈਕਟਰ ਦਰਸ਼ਨ ਸਿੰਘ, ਡਾ. ਇੰਦਰਜੀਤ ਸਿੰਘ, ਡਾ.ਦਰਸ਼ਨ ਸਿੰਘ, ਬਾਬਾ ਦਵਿੰਦਰ ਸਿੰਘ (ਕੜਕੜੀ ਸ਼ਾਹ ਵਾਲੇ), ਰਾਜ ਕੁਮਾਰ ਖੁਰਾਣਾ, ਸੁਰਜੀਤ ਸਿੰਘ, ਸਰਪੰਚ ਇੰਦਰਜੀਤ ਸਿੰਘ, ਜਸਪਾਲ ਸਿੰਘ, ਗੁਰਜੀਤ ਕੌਰ, ਸੀਐੱਚਟੀ ਜੰਗਪਾਲ ਸਿੰਘ ,ਸੀਐੱਚਟੀ ਬਲਜੀਤ ਸਿੰਘ, ਐੱਚਟੀ ਦਵਿੰਦਰ ਕੌਰ, ਬੀਆਰਸੀ ਹਰਭਜਨ ਕੌਰ, ਸਮੂਹ ਸਟਾਫ਼ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਰਾਏ, ਸਮੂਹ ਆਂਗਣਵਾੜੀ ਵਰਕਰ, ਸਿਹਤ ਵਿਭਾਗ, ਸਕੂਲ ਸਟਾਫ ਗੁਰਸੇਵਕ ਸਿੰਘ, ਜਗਜੀਤ ਸਿੰਘ, ਸਤਵਿੰਦਰਜੀਤ ਕੌਰ, ਗੁਰਵਿੰਦਰ ਸਿੰਘ, ਅਮਨਦੀਪ ਕੌਰ ਅਤੇ ਮਨਜੀਤ ਕੌਰ ਹਾਜ਼ਰ ਸਨ।



# ਭਾਜਪਾ ਅਤੇ ਆਪ ਸਰਕਾਰ ਦੀਆਂ ਮਾਰੂ ਨੀਤੀਆਂ ਕਰਕੇ ਸ. ਪਰਗਟ ਸਿੰਘ ਵਿਧਾਇਕ ਜਲੰਧਰ ਕੈਂਟ ਅਤੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਨੇ ਕੀਤੀ ਪ੍ਰੈਸ ਕਾਨਫਰੰਸ



**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸ. ਪਰਗਟ ਸਿੰਘ ਵਿਧਾਇਕ ਜਲੰਧਰ ਕੈਂਟ ਅਤੇ ਜ਼ਿਲਾ ਕਾਂਗਰਸ ਕਮੇਟੀ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਅਜੇ ਮੰਗੂਪੁਰ ਦੀ ਅਗਵਾਈ ਹੇਠ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਅਮਰੀਕਾ ਨਾਲ ਕੀਤੇ ਕਿਸਾਨ ਮਾਰੂ ਸਮਝੌਤੇ ਅਤੇ ਆਪ ਸਰਕਾਰ ਵੱਲੋਂ ਪੰਜਾਬ ਦੀ ਹਰੇਕ ਮਹਿਲਾ ਨੂੰ 1000 ਰੁਪਏ ਦੇਣ ਦੇ ਝੂਠੇ ਵਾਅਦੇ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਨਵਾਂਸ਼ਹਿਰ ਵਿਖੇ ਪ੍ਰੈਸ ਕਾਨਫਰੰਸ ਕੀਤੀ ਗਈ। ਵਿਧਾਇਕ ਪਰਗਟ ਸਿੰਘ ਨੇ ਕਾਨਫਰੰਸ ਦੌਰਾਨ ਕਿਹਾ ਕਿ ਇਹ ਸਮਝੌਤਾ ਨਾ ਸਿਰਫ਼ ਦੇਸ਼ ਦੇ ਕਿਸਾਨਾਂ ਦੇ ਹਿੱਤਾਂ ਲਈ ਨੁਕਸਾਨਦੇਹ ਸਾਬਤ ਹੋਵੇਗਾ, ਸਗੋਂ ਪੂਰੇ ਦੇਸ਼ ਦੀ ਖੇਤੀਬਾੜੀ ਆਰਥਿਕਤਾ ਨੂੰ ਤਬਾਹ ਕਰਨ ਦੀ ਸਮਰੱਥਾ ਵੀ ਰੱਖਦਾ ਹੈ। ਉਨ੍ਹਾਂ ਕਿਹਾ ਪੰਜਾਬ, ਜੋ ਕਿ ਮੁੱਖ ਤੌਰ 'ਤੇ ਇਕ ਖੇਤੀ ਪ੍ਰਧਾਨ ਸੂਬਾ ਹੈ, ਇਸ ਨਾਲ ਪੂਰੀ ਤਰ੍ਹਾਂ ਬਰਬਾਦ ਹੋ ਜਾਵੇਗਾ। ਇਸ ਨਾਲ ਪ੍ਰਸ਼ਾਸਨਿਕ ਸੂਬੇ 'ਚ ਇਸ ਸੌਦੇ ਦੇ ਸਮਾਜਿਕ ਅਤੇ ਰਣਨੀਤਕ ਪ੍ਰਭਾਵ ਵੀ ਪੈ ਸਕਦੇ ਹਨ। ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਪੰਜਾਬ ਪਹਿਲਾਂ ਹੀ ਨਸ਼ਿਆਂ ਦੇ ਕੋਹੜ ਨਾਲ ਜੂਝ ਰਿਹਾ ਹੈ, ਖਾਸ ਕਰ ਕੇ ਪੇਂਡੂ ਖੇਤਰਾਂ ਵਿਚ। ਜ਼ਮੀਨੀ ਹੋਲਡਿੰਗਾਂ (ਮਾਲਕੀ) ਘਟਣ ਅਤੇ ਖੇਤੀਬਾੜੀ ਰੋਜ਼ਗਾਰ ਵਿਚ ਕਮੀ ਆਉਣ ਕਾਰਨ, ਨੌਕਰੀਆਂ ਦੀ ਘਾਟ ਹੈ, ਬੇਰੋਜ਼ਗਾਰ ਨੌਜਵਾਨ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਦੇਸ਼ ਵਿਚ ਆਉਣ ਵਾਲੇ ਸਸਤੇ ਖੇਤੀ ਉਤਪਾਦ ਘਰੇਲੂ ਉਤਪਾਦਾਂ ਦੀ ਥਾਂ ਲੈ ਲੈਣਗੇ। ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਦੇਸ਼ ਦਾ ਕਿਸਾਨ ਦੇਸ਼ ਦੀ ਰੀੜ ਦੀ ਹੱਡੀ ਹੈ ਇਸ ਸਮਝੌਤੇ ਨਾਲ ਭਾਜਪਾ ਸਰਕਾਰ ਕਿਸਾਨਾਂ ਦਾ ਗਲਾ ਘੁੱਟ ਰਹੀ ਹੈ ਜੋ ਕੀ ਕਾਂਗਰਸ ਪਾਰਟੀ ਬਰਦਾਸ਼ਤ ਨਹੀਂ ਕਰੇਗੀ। ਅਜੇ ਮੰਗੂਪੁਰ ਨੇ ਕਿਹਾ ਆਪ ਸਰਕਾਰ ਵੱਲੋਂ ਪੰਜਾਬ ਦੀਆਂ ਮਹਿਲਾਵਾਂ ਨਾਲ ਕੀਤੇ 1000 ਦੇਣ ਦੇ ਝੂਠੇ ਲਾਅਰੇ ਨੂੰ ਵੀ ਹੁਣ ਕਾਫ਼ੀ ਲੰਮਾਂ ਸਮਾਂ ਬੀਤ ਚੁੱਕਿਆ। ਮਹਿਲਾਵਾਂ ਹੁਣ ਆਪਣਾ ਪਿਛਲਾ ਬਕਾਇਆ 48000 ਵੀ ਉਡੀਕ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਇਸ ਦਾ ਖਾਮਿਆਜ਼ਾ ਆਪ ਸਰਕਾਰ ਨੂੰ ਭੁਗਤਣਾ ਪਵੇਗਾ। ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਅੰਗਦ ਸੈਣੀ ਸਾਬਕਾ ਵਿਧਾਇਰ ਨਵਾਂਸ਼ਹਿਰ, ਬਲਵਿੰਦਰ ਭੁੰਬਲਾ ਮੀਤ ਪ੍ਰਧਾਨ ਡੀ.ਸੀ.ਸੀ., ਕਮਲਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਕਿਸਾਨ ਸੈੱਲ, ਤਿਲਕ ਰਾਜ ਸੂਦ ਬਲਾਕ ਪ੍ਰਧਾਨ, ਰਾਮਦਾਸ ਸਿੰਘ ਬਲਾਕ ਪ੍ਰਧਾਨ ਔੜ, ਰਾਜਿੰਦਰ ਸ਼ਰਮਾ ਮੀਤ ਪ੍ਰਧਾਨ ਡੀਸੀਸੀ, ਗੁਰਵਿੰਦਰ ਸਿੰਘ ਯੂਥ ਪ੍ਰਧਾਨ ਆਦਿ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਮੈਂਬਰ ਸਾਹਿਬਾਨ ਹਾਜ਼ਰ ਸਨ।

# ਸਾਇਪ੍ਰਸ ਸਥਿਤ ਬ੍ਰਿਟਿਸ਼ ਆਰਏਐਫ਼ ਅਕਰੋਤੀਰੀ ਬੇਸ ਵੱਲ ਆ ਰਹੇ ਦੋ ਡਰੋਨ ਮਾਰ ਗਿਰਾਏ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)–** ਮੱਧ ਪੂਰਬ ਵਿੱਚ ਵਧ ਰਹੇ ਤਣਾਅ ਦਰਮਿਆਨ ਸਾਇਪ੍ਰਸ ਸਥਿਤ ਬ੍ਰਿਟਿਸ਼ ਹਵਾਈ ਫੌਜ ਦੇ ਆਰਏਐਫ਼ ਅਕਰੋਤੀਰੀ ਸੈਨਿਕ ਅੱਡੇ ਵੱਲ ਵਧ ਰਹੇ ਦੋ ਡਰੋਨਾਂ ਨੂੰ ਸੁਰੱਖਿਆ ਬਲਾਂ ਵੱਲੋਂ ਰਾਹ ਵਿੱਚ ਹੀ ਨਿਸ਼ਾਨਾ ਬਣਾ ਕੇ ਮਾਰ ਗਿਰਾਇਆ ਗਿਆ ਹੈ। ਸਾਇਪ੍ਰਸ ਸਰਕਾਰ ਦੇ ਬੁਲਾਰੇ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਇਹ ਡਰੋਨ ਬ੍ਰਿਟਿਸ਼ ਬੇਸ ਦੀ ਦਿਸ਼ਾ ਵੱਲ ਜਾ ਰਹੇ ਸਨ ਜਿਨ੍ਹਾਂ ਨੂੰ ਸਮੇਂ ਸਿਰ ਰੋਕ ਲਿਆ ਗਿਆ। ਇਹ ਘਟਨਾ ਉਸ ਵੇਲੇ ਸਾਹਮਣੇ ਆਈ ਜਦੋਂ ਐਤਵਾਰ ਅੱਧੀ ਰਾਤ ਦੌਰਾਨ ਇੱਕ ਡਰੋਨ ਬ੍ਰਿਟਿਸ਼ ਬੇਸ ਨਾਲ ਟਕਰਾਇਆ ਸੀ, ਜਿਸ ਕਾਰਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਹਲਕਾ ਨੁਕਸਾਨ ਦਰਜ ਕੀਤਾ ਗਿਆ। ਘਟਨਾ ਤੋਂ ਬਾਅਦ ਬੇਸ ਇਲਾਕੇ ਵਿੱਚ ਸਾਇਰਨ ਵੱਜਣ ਦੀਆਂ ਰਿਪੋਰਟਾਂ ਮਿਲੀਆਂ ਅਤੇ ਕਰਮਚਾਰੀਆਂ ਨੂੰ ਜਾਰੀ ਸੁਨੇਹੇ ਵਿੱਚ "ਚੱਲ ਰਹੇ ਸੁਰੱਖਿਆ ਖ਼ਤਰੇ" ਬਾਰੇ ਚੇਤਾਵਨੀ ਦਿੱਤੀ ਗਈ। ਬ੍ਰਿਟਿਸ਼ ਰੱਖਿਆ ਮੰਤਰਾਲੇ ਵੱਲੋਂ ਪਹਿਲਾਂ ਹੀ ਸਾਵਧਾਨੀ ਵਜੋਂ ਫੌਜੀ ਪਰਿਵਾਰਾਂ ਅਤੇ ਗੈਰ-ਜ਼ਰੂਰੀ ਸਟਾਫ਼ ਨੂੰ ਹੋਰ ਥਾਵਾਂ 'ਤੇ ਅਸਥਾਈ ਤੌਰ 'ਤੇ ਭੇਜਣ ਦਾ ਫੈਸਲਾ ਕੀਤਾ ਗਿਆ ਸੀ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸੰਸਦ ਵਿੱਚ ਬਿਆਨ ਦਿੰਦਿਆਂ ਕਿਹਾ ਕਿ ਯੂਕੇ ਨੇ ਅਮਰੀਕਾ ਨੂੰ ਸਿਰਫ਼ ਰੱਖਿਆਤਮਕ ਕਾਰਵਾਈ ਲਈ ਬ੍ਰਿਟਿਸ਼ ਅੱਡਿਆਂ ਦੀ ਵਰਤੋਂ ਦੀ ਮਨਜ਼ੂਰੀ ਦਿੱਤੀ ਹੈ ਅਤੇ ਬ੍ਰਿਟੇਨ ਅਮਰੀਕਾ ਤੇ ਇਸਰਾਈਲ ਦੇ ਹਮਲਾਵਰ ਹਵਾਈ ਹਮਲਿਆਂ ਵਿੱਚ ਸ਼ਾਮਲ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸਾਥੀ ਦੇਸ਼ਾਂ ਦੀ ਸਾਂਝੀ ਸੁਰੱਖਿਆ ਅਤੇ ਬ੍ਰਿਟਿਸ਼ ਨਾਗਰਿਕਾਂ ਦੀ ਰੱਖਿਆ ਲਈ ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਲਿਆ ਗਿਆ ਹੈ। ਸਾਇਪ੍ਰਸ ਦੇ ਰਾਸ਼ਟਰਪਤੀ ਨਿਕੋਸ ਕ੍ਰਿਸਟੋਡੂਲੀਡਿਸ ਮੁਤਾਬਕ ਐਤਵਾਰ ਨੂੰ ਹੋਇਆ ਹਮਲਾ ਸੰਭਾਵਤ ਤੌਰ 'ਤੇ ਇਰਾਨੀ ਡਰੋਨ ਰਾਹੀਂ ਕੀਤਾ ਗਿਆ ਸੀ। ਘਟਨਾਵਾਂ ਦੇ ਮੱਦੇਨਜ਼ਰ ਆਰਏਐਫ਼ ਅਕਰੋਤੀਰੀ ਅੱਡੇ 'ਤੇ ਸੁਰੱਖਿਆ ਪ੍ਰਬੰਧ ਹੋਰ ਕੜੇ ਕਰ ਦਿੱਤੇ ਗਏ ਹਨ ਅਤੇ ਗੈਰ-ਜ਼ਰੂਰੀ ਕਰਮਚਾਰੀਆਂ ਨੂੰ ਅਸਥਾਈ ਤੌਰ 'ਤੇ ਹਟਾਉਣ ਦੀ ਪ੍ਰਕਿਰਿਆ ਜਾਰੀ ਹੈ।

# ਮਹਿਤਪੁਰ ਬਿਜਲੀ ਬੋਰਡ ਦਾ ਕਾਰਾ ਮੀਟਰ ਲੱਗਿਆ ਨਹੀ ਬਿੱਲ 5800



**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)** ਅੱਜ ਇੱਥੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਪੀੜਤ ਪਰਿਵਾਰ ਦੇ ਨਾਲ ਆਏ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂਆਂ ਸੰਦੀਪ ਅਰੋੜਾ ਤੇ ਦਿਲਬਾਗ ਸਿੰਘ ਚੰਦੀ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਜਿਲਾ ਪ੍ਰਧਾਨ ਨੇ ਮਹਿਤਪੁਰ ਬਿਜਲੀ ਬੋਰਡ ਦੇ ਅਧਿਕਾਰੀਆਂ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਬਿਜਲੀ ਬੋਰਡ ਨੂੰ ਪ੍ਰਾਈਵੇਟ ਕਰਨ ਵੱਲ ਸਰਕਾਰ ਨਾਲੋਂ ਜ਼ਿਆਦਾ ਅਧਿਕਾਰੀ ਕਾਹਲੇ ਜਿਹੜੇ ਚਿੱਪ ਵਾਲੇ ਮੀਟਰ ਦਫਤਰਾਂ ਵਿੱਚ ਰੱਖ ਕੇ ਹੀ ਲੋਕਾਂ ਨੂੰ ਹਜਾਰਾਂ ਰੁਪਏ ਬਿੱਲ ਭੇਜ ਰਹੇ ਹਨ। ਐਦਾਂ ਦਾ ਹੀ ਮਾਮਲਾ ਮਹਿਤਪੁਰ ਦੇ ਨਜ਼ਦੀਕ ਪਿੰਡ ਝੁੱਗੀਆਂ ਵਿੱਚ ਰਹਿੰਦੇ ਗਰੀਬ ਪਰਿਵਾਰ ਨਾਲ ਸੰਬੰਧਿਤ ਹੈ। ਪਰਿਵਾਰ ਨੇ ਕੁੱਲ ਹਿੰਦ ਕਿਸਾਨ ਸਭਾ ਦੇ ਸਾਥੀਆਂ ਨੂੰ ਮਿਲਕੇ ਮਸਲੇ ਨੂੰ ਹੱਲ ਕਰਨ ਦੀ ਗੁਹਾਰ ਲਗਾਈ ਕਿ ਉਹਨਾਂ ਕਿਹਾ ਕਿ ਪਰਿਵਾਰ ਨੇ ਦਫਤਰ ਅਧਿਕਾਰੀਆਂ ਤੱਕ ਪਹੁੰਚ ਕੀਤੀ ਤਾਂ ਪਰ ਅਧਿਕਾਰੀਆਂ ਨੇ ਮਸਲੇ ਨੂੰ ਹੱਲ ਕਰਨ ਦੀ ਬਜਾਏ ਪਰਿਵਾਰ ਨੂੰ ਬਿੱਲ ਤਾਰਨ ਲਈ ਦਬਾਅ ਬਣਾਇਆ ਗਿਆ ਜਿਸਦੀ ਆਗੂਆਂ ਨੇ ਨਿੰਦਿਆ ਕਰਦਿਆਂ ਉੱਚ ਅਧਿਕਾਰੀਆਂ ਕੋਲੋਂ ਮਾਮਲੇ ਦੀ ਪੜਤਾਲ ਕਰਕੇ ਕਾਰਵਾਈ ਕਰਨ ਤੇ ਪਰਿਵਾਰ ਨੂੰ ਇਨਸਾਫ਼ ਦੇਣ ਦੀ ਮੰਗ ਕੀਤੀ ਜੇਕਰ ਪਰਿਵਾਰ ਨੂੰ ਇਨਸਾਫ਼ ਨਾ ਮਿਲਿਆ ਤਾਂ ਜੱਥੇਬੰਦੀਆਂ ਸੰਘਰਸ਼ ਦਾ ਰਾਹ ਅਖਤਿਆਰ ਕਰਨਗੀਆਂ।

# ਪੱਤਰਕਾਰ ਚਰਨਜੀਤ ਸੱਲ੍ਹਾਂ ਨੂੰ ਸੁਰ -ਸੰਗੀਤ ਸੰਸਥਾ ਦੋਆਬਾ ਬੰਗਾ ਵੱਲੋਂ ਕੀਤਾ ਗਿਆ ਸਨਮਾਨਿਤ



**ਬੰਗਾ (ਗੋਰਾ ਢੇਸੀ)** ਸੁਰ -ਸੰਗੀਤ ਸੰਸਥਾ ਦੋਆਬਾ ਬੰਗਾ ਵੱਲੋਂ ਬਹੁਤ ਹੀ ਮਿਸ਼ਨਰੀ ਸਾਥੀ ਅਤੇ ਪੱਤਰਕਾਰ ਚਰਨਜੀਤ ਸੱਲ੍ਹਾਂ ਨੂੰ ਸਨਮਾਨਿਤ ਕੀਤਾ ਗਿਆ ਜਿਹੜੇ ਕਿ ਨਿਰਸੁਆਰਥ ਹੋਕੇ ਸਮਾਜ ਦੀ ਸੇਵਾ ਕਰ ਰਹੇ ਹਨ। ਸੰਸਥਾ ਦੇ ਪ੍ਰਧਾਨ ਰਾਜ ਦਦਰਾਲ ਨੇ ਕਿਹਾ ਕਿ ਬਹੁਤ ਵਾਰੀ ਇਸ ਨੂੰ ਸਾਡੇ ਵਲੋਂ ਕਿਹਾ ਨਾ ਜਾਵੇ ਫਿਰ ਵੀ ਇਹ ਸਾਡੇ ਪ੍ਰੋਗਰਾਮ ਦੀ ਅਤੇ ਹੋਰ ਬਹੁਜਨ ਸਮਾਜ ਦੀ ਗੱਲ ਕਰਦੇ ਰਹਿੰਦੇ ਹਨ। ਇਹਨਾਂ ਦਾ ਜੀਵਨ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਸਮਰਪਿਤ ਹੈ। ਇਹ ਕ੍ਰਾਂਤੀਕਾਰੀ ਗੁਰੂ ਰਵਿਦਾਸ ਮਹਾਰਾਜ ਜੀ, ਬਾਬਾ ਸਾਹਿਬ ਡਾ ਅੰਬੇਡਕਰ ਜੀ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਮਿਸ਼ਨ ਨਾਲ ਜੁੜੇ ਹੋਏ ਹਨ।ਇਸ ਮੌਕੇ ਉਨ੍ਹਾਂ ਦੇ ਨਾਲ ਬਸਪਾ ਦੇ ਆਗੂ ਪ੍ਰਵੀਨ ਬੰਗਾ ਅਤੇ ਮਨੋਹਰ ਲਾਲ ਕਮਾਮ,ਬੀਕਾ ਜੀ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਤੇ ਸੰਸਥਾ ਦੇ ਪ੍ਰਧਾਨ ਰਾਜ ਦਦਰਾਲ,ਉਪ ਪ੍ਰਧਾਨ ਵਿਜੇ ਗੁਣਾਚੌਰ, ਗਾਇਕਾਂ ਰਾਣੀ ਅਰਮਾਨ, ਦਵਿੰਦਰ ਰੂਹੀ, ਕ੍ਰਿਸ਼ਨ ਹੀਉ, ਹਰਦੀਪ ਦੀਪਾ,ਲੱਕੀ ਮਹਿਰਾ, ਪ੍ਰੈਸ ਸਕੱਤਰ ਸੋਨੀ ਸਰੋਆ, ਪ੍ਰੈਸ ਸਕੱਤਰ ਮਹੇਸ਼ ਸਾਜਨ, ਜਗਦੀਸ਼ ਜਾਡਲਾ ਹਾਜ਼ਰ ਸਨ।

# ਮਹਿਲਾ ਦਿਵਸ 'ਤੇ ਮੁਫਤ ਐਚਪੀਵੀ ਟੀਕਾਕਰਨ ਮੁਹਿੰਮ




**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** -ਕੌਮਾਂਤਰੀ ਮਹਿਲਾ ਦਿਵਸ ਮੌਕੇ 8 ਮਾਰਚ ਨੂੰ ਸ਼ੈਲਬੀ ਹਸਪਤਾਲ, ਵਿਖੇ ਮੁਫਤ ਐਚਪੀਵੀ (ਹਿਊਮਨ ਪੈਪੀਲੋਮਾ ਵਾਇਰਸ) ਟੀਕਾਕਰਨ ਮੁਹਿੰਮ ਦਾ ਆਯੋਜਨ ਕੀਤਾ ਜਾਵੇਗਾ। ਇਸ ਪਹਿਲ ਦਾ ਉਦੇਸ਼ ਜਵਾਨ ਕੁੜੀਆਂ ਨੂੰ ਸਰਵਾਈਕਲ ਕੈਂਸਰ ਤੋਂ ਬਚਾਉਣਾ ਹੈ, ਜੋ ਇੱਕ ਰੋਕਥਾਮਯੋਗ ਬਿਮਾਰੀ ਹੈ ਜੋ ਹਰ ਸਾਲ ਲਗਭਗ 90,000 ਭਾਰਤੀ ਔਰਤਾਂ ਨੂੰ ਮਾਰਦੀ ਹੈ। ਸ਼ੈਲਬੀ ਹਸਪਤਾਲ ਦੇ ਓਨਕੋ ਸਰਜਨ ਡਾ ਅਸ਼ਵਨੀ ਕੁਮਾਰ ਸਚਦੇਵਾ ਨੇ ਕਿਹਾ ਕਿ ਸਰਵਾਈਕਲ ਕੈਂਸਰ ਭਾਰਤ ਵਿਚ ਔਰਤਾਂ ਵਿਚ ਦੂਜਾ ਸਭ ਤੋਂ ਆਮ ਕੈਂਸਰ ਹੈ, ਜਿਸ ਵਿਚ ਹਰ ਸਾਲ ਲਗਭਗ 1,27,000 ਨਵੇਂ ਕੇਸ ਆਉਂਦੇ ਹਨ ਅਤੇ 80,000 ਮੌਤਾਂ ਹੁੰਦੀਆਂ ਹਨ, ਜੋ ਕਿ ਵਿਸ਼ਵਵਿਆਪੀ ਬੋਝ ਦਾ ਪੰਜਵਾਂ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਅੰਕੜੇ ਵਿਸ਼ੇਸ਼ ਤੌਰ 'ਤੇ ਚਿੰਤਾਜਨਕ ਹਨ ਕਿਉਂਕਿ ਭਾਰਤ ਵਿੱਚ ਹਰ 8 ਮਿੰਟ ਵਿੱਚ ਸਰਵਾਈਕਲ ਕੈਂਸਰ ਕਾਰਨ ਇੱਕ ਔਰਤ ਦੀ ਮੌਤ ਹੁੰਦੀ ਹੈ ਅਤੇ ਸਾਰੇ ਗਲੋਬਲ ਕੈਂਸਰ ਮਾਮਲਿਆਂ ਵਿੱਚੋਂ ਇੱਕ ਤਿਹਾਈ ਭਾਰਤ ਵਿੱਚ ਰਿਪੋਰਟ ਕੀਤੇ ਜਾਂਦੇ ਹਨ। ਗਾਇਨੀਕੋਲੋਜੀ ਸਲਾਹਕਾਰ ਡਾ. ਅਰਵਿੰਦਰ ਕੌਰ ਹੀਰ ਨੇ ਕਿਹਾ ਕਿਹਾਲ ਹੀ ਦੇ ਅਧਿਐਨ ਦਰਸਾਉਂਦੇ ਹਨ ਕਿ ਇੱਕ ਸਿੰਗਲ-ਡੋਜ਼ ਐਚਪੀਵੀ ਟੀਕਾਕਰਨ ਪ੍ਰੋਗਰਾਮ ਟੀਕਾ ਲਗਵਾਉਣ ਵਾਲੇ ਸਮੂਹ ਵਿੱਚ ਐਚਪੀਵੀ 16 ਅਤੇ ਐਚਪੀਵੀ 18 ਦੀ ਲਾਗ ਦੇ ਜੋਖਮ ਨੂੰ ਲਗਭਗ 90 ਪ੍ਰਤੀਸ਼ਤ ਘਟਾ ਸਕਦਾ ਹੈ ਅਤੇ 20 ਸਾਲਾਂ ਬਾਅਦ ਉੱਚ-ਜੋਖਮ ਵਾਲੇ ਐਚਪੀਵੀ ਲਾਗਾਂ ਦੇ ਸਮੁੱਚੇ ਪ੍ਰਸਾਰ ਨੂੰ 49 ਪ੍ਰਤੀਸ਼ਤ ਤੱਕ ਘਟਾ ਸਕਦਾ ਹੈ। HPV ਵੈਕਸੀਨ ਸਭ ਤੋਂ ਵੱਧ ਅਸਰਦਾਰ ਹੁੰਦੀ ਹੈ ਜਦੋਂ ਵਾਇਰਸ ਦੇ ਸੰਭਾਵੀ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਦਿੱਤਾ ਜਾਂਦਾ ਹੈ। ਸਲਾਹਕਾਰ ਗਾਇਨੀਕੋਲੋਜੀ ਬਲਬੀਰ ਕੌਰ ਘਈ ਨੇ ਕਿਹਾ ਕਿ ਵਿਸ਼ਵ ਸਿਹਤ ਸੰਗਠਨ 9-14 ਸਾਲ ਦੀ ਉਮਰ ਦੀਆਂ ਲੜਕੀਆਂ ਨੂੰ ਵੱਧ ਤੋਂ ਵੱਧ ਸੁਰੱਖਿਆ ਲਈ ਮੁੱਢਲੇ ਟੀਚੇ ਸਮੂਹ ਵਜੋਂ ਟੀਕਾ ਲਗਾਉਣ ਦੀ ਸਿਫਾਰਸ਼ ਕਰਦਾ ਹੈ।

# ਪੈਨਸ਼ਨਰਜ਼ 10 ਮਾਰਚ ਦੀ ਚੰਡੀਗੜ੍ਹ ਰੈਲੀ ਵਿੱਚ ਕਰਨਗੇ ਭਰਵੀਂ ਸ਼ਮੂਲੀਅਤ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੈਨਸ਼ਨਰਜ ਅ ੈ ਸ ੋ ਸ ੀ ਏ ੇ ਸ਼ ਨ ਪਾਵਰਕਾਮ/ਟਰਾਂਸਮਿਸ਼ਨ ਮੰਡਲ ਨਵਾਂਸ਼ਹਿਰ ਦੀ ਮਹੀਨਾਵਾਰ ਮੀਟਿੰਗ ਮੰਡਲ ਪ੍ਰਧਾਨ ਨਰਿੰਦਰ ਕੁਮਾਰ ਮਹਿਤਾ ਦੀ ਅਗਵਾਈ ਵਿਚ ਕੀਤੀ ਗਈ। ਜਿਸ ਵਿੱਚ ਬਹੁਗਿਣਤੀ ਪੈਂਨਸ਼ਨਰਜ ਅਤੇ ਫੈਮਿਲੀ ਪੈਂਨਸ਼ਨਰਜ ਬੀਬੀਆਂ ਨੇ ਸ਼ਮੂਲੀਅਤ ਕੀਤੀ।ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਬੀਤੇ ਫਰਵਰੀ ਮਹੀਨੇ ਦੌਰਾਨ ਸਦੀਵੀ ਵਿਛੋੜਾ ਦੇ ਗਏ ਪੈਂਨਸ਼ਨਰਜ ਸਾਥੀ ਸ੍ਰੀ ਸ਼ਿੰਗਾਰਾ ਸਿੰਘ ਐਲ ਡੀ ਸੀ ਮੈਂਹਦੀ ਪੁਰ, ਸ੍ਰੀ ਮਦਨ ਲਾਲ ਲੂੰਬਾ ਜੇਈ ਜਾਡਲਾ, ਸ੍ਰੀ ਹਰਬਲਾਸ ਲਾਈਨ ਮੈਨ ਲੰਗੜੋਆ ਨੂੰ ਸਮੂਹ ਪੈਂਨਸ਼ਨਰਜ ਵਲੋਂ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ। ਇਸ ਉਪਰੰਤ ਮੀਟਿੰਗ ਵਿਚ ਸਰਕਲ ਪ੍ਰਧਾਨ ਕੁਲਵਿੰਦਰ ਅਟਵਾਲ, ਜੁਆਇੰਟ ਸਕੱਤਰ ਨਿਰੰਜਨ ਕੰਗਾਂ, ਵਿੱਤ ਸਕੱਤਰ ਵਿਜੇ ਕੁਮਾਰ ਬਾਲੀ, ਮੰਡਲ ਦੇ ਸੀਨੀਅਰ ਮੀਤ ਪ੍ਰਧਾਨ ਰਵਿੰਦਰ ਰਾਹੋਂ, ਮੀਤ ਪ੍ਰਧਾਨ ਸ਼ੰਭੂ ਰਾਹੋਂ, ਪ੍ਰੈਸ ਸਕੱਤਰ ਪਰੇਮ ਚਣਕੋਆ, ਗੁਰਮੁਖ ਸਿੰਘ ਲੰਗੜੋਆ, ਮਨਜੀਤ ਰੁੜਕੀ, ਦਲਜੀਤ ਕੌਰ ਲੰਗੜੋਆ, ਅਸ਼ੋਕ ਸਿੰਘ ਏਏਈ, ਸੁਰਿੰਦਰ ਪਾਲ ਸਿੰਘ, ਸਤਪਾਲ ਭਾਟੀਆ, ਬਲਦੇਵ ਤਾਜੋਵਾਲ, ਸ਼ਿਵਰਾਜ ਆਦਿ ਬੁਲਾਰਿਆਂ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਪੈਨਸ਼ਨਰਜ ਤੇ ਮੁਲਾਜਮਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਲੈ ਕੇ ਮੁਲਾਜ਼ਮਾਂ ਤੇ ਪੈਨਸ਼ਨਰਜ਼ ਦੇ ਸਾਂਝੇ ਫਰੰਟ ਵੱਲੋਂ ਉਲੀਕੇ ਸ਼ੰਘਰਸ਼ ਮੁਤਾਬਿਕ ਪੰਜਾਬ ਵਿਧਾਨ ਸਭਾ ਦੇ ਬੱਜਟ ਸੈਸ਼ਨ ਦੌਰਾਨ 8 ਮਾਰਚ ਤੋਂ ਲੈ ਕੇ 11 ਮਾਰਚ ਤੱਕ ਚੰਡੀਗੜ੍ਹ ਵਿਖੇ ਲੜੀਵਾਰ ਰੈਲੀਆਂ ਕਰਕੇ ਵਿਧਾਨ ਸਭਾ ਵੱਲ ਰੋਸ ਮਾਰਚ ਕੀਤਾ ਜਾਵੇਗਾ। ਇਸ ਫੈਸਲੇ ਨੂੰ ਇੰਨ-ਬਿਨ ਲਾਗੂ ਕਰਨ ਵਾਸਤੇ ਪੈਂਨਸ਼ਨਰਜ ਐਸੋਸੀਏਸ਼ਨ ਪਾਵਰਕਾਮ ਵਲੋਂ ਸਾਂਝੇ ਫਰੰਟ ਵਿਚ ਸ਼ਾਮਿਲ ਸਹਿਯੋਗੀ ਜੱਥੇਬੰਦੀਆਂ ਨਾਲ ਮਿਲਕੇ 10 ਮਾਰਚ ਨੂੰ ਕੀਤੀ ਜਾ ਰਹੀ ਚੰਡੀਗੜ੍ਹ ਦੀ ਰੈਲੀ ਅਤੇ ਵਿਧਾਨ ਸਭਾ ਵੱਲ ਰੋਸ ਮਾਰਚ ਵਿਚ ਵੱਧ ਚੜ੍ਹਕੇ ਹਿੱਸਾ ਲਿਆ ਜਾਵੇਗਾ। ਜੇਕਰ ਪੰਜਾਬ ਸਰਕਾਰ ਵੱਲੋਂ ਸਾਲ 2026-27 ਦੇ ਪੇਸ਼ ਕੀਤੇ ਜਾ ਰਹੇ ਬੱਜਟ ਵਿੱਚ ਸਾਡੀਆਂ ਭੱਖਦੀਆਂ ਮੰਗਾਂ ਦਾ ਕੋਈ ਸਾਰਥਿੱਕ ਹੱਲ ਨਾਂ ਕੀਤਾ ਤਾਂ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਸ਼ੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਮੰਚ ਸੰਚਾਲਨ ਮਦਨ ਲਾਲ ਰਾਮਰਾਇ ਪੁਰ ਕੀਤਾ। ਇਸ ਮੌਕੇ ਗੁਰਸ਼ਰਨ ਪਾਲ ਸਿੰਘ, ਸੋਹਨ ਮਝੂਰ, ਜਰਨੈਲ ਸਿੰਘ, ਅਸ਼ੋਕ, ਕਰਮਜੀਤ ਸਿੰਘ, ਸਵਰਨ ਦਾਸ, ਮਦਨ ਬਿਛੌੜੀ, ਸਰਿੰਦਰ ਕੌਰ, ਜੋਗਿੰਦਰ ਕੌਰ, ਚਰਨ ਕੌਰ, ਜਗਦੀਸ਼ ਕੌਰ, ਸਰੋਜ ਕੁਮਾਰੀ ਆਦਿ ਹਾਜਰ ਸਨ।

# ਪੰਜਵੇਂ ਉਸਤਾਦ ਰਾਜਿੰਦਰ ਪਰਦੇਸੀ ਐਵਾਰਡ ਨਾਲ ਸਵਿੰਦਰ ਸੰਧੂ ਹੋਏ ਸਨਮਾਨਿਤ



**ਜਲੰਧਰ (ਸਮਾਜ ਵੀਕਲੀ)** ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਮੰਚ ਦੇ ਸੰਸਥਾਪਕ ਪ੍ਰਧਾਨ ਉੱਘੇ ਗ਼ਜ਼ਲਕਾਰ ਰਾਜਿੰਦਰ ਪਰਦੇਸੀ ਦੀ ਯਾਦ ਵਿੱਚ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਇਕ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸਦੇ ਪ੍ਰਧਾਨਗੀ ਮੰਡਲ ਵਿੱਚ ਪ੍ਰੋ.ਸੰਧੂ ਵਰਿਆਣਵੀ, ਪ੍ਰੋ.ਬਲਦੇਵ ਸਿੰਘ ਬੱਲੀ, ਡਾ.ਕੰਵਲ ਭੱਲਾ, ਡਾ.ਗੁਰ-ਚਰਨ ਕੌਰ ਕੋਚਰ, ਕੁਲਦੀਪ ਸਿੰਘ ਬੇਦੀ ਅਤੇ ਨਵਤੇਜ਼ ਸਿੰਘ ਗੜ੍ਹਦੀਵਾਲਾ ਵਿਰਾਜਮਾਨ ਹੋਏ।

ਮੰਚ ਸੰਚਾਲਨ ਕਰਦਿਆਂ ਲੋਕ ਸ਼ਾਇਰ ਜਗਦੀਸ਼ ਰਾਣਾ ਨੇ ਮੰਚ ਦੀਆਂ ਗਤਿਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਸਾਹਿਬਾ ਜੀਟਨ ਕੌਰ ਨੇ ਲੈਕ.ਬਲਬੀਰ ਕੌਰ ਰਾਏਕੋਟੀ ਦੁਆਰਾ ਰਾਜਿੰਦਰ ਪਰਦੇਸੀ ਬਾਰੇ ਲਿਖਿਆ ਪਰਚਾ ਪੜ੍ਹਿਆ। ਪ੍ਰੋ.ਸੰਧੂ ਵਰਿਆਣਵੀ ਨੇ ਨਾਮਵਰ ਕਵਿੱਤਰੀ ਸਵਿੰਦਰ ਸੰਧੂ ਦੀ ਕਵਿਤਾ ਬਾਰੇ ਵਿਚਾਰ ਰੱਖੇ।

ਇਸ ਮੌਕੇ ਮੰਚ ਵਲੋਂ ਸਵਿੰਦਰ ਸੰਧੂ ਨੂੰ ਪੰਜਵੇਂ ਉਸਤਾਦ ਰਾਜਿੰਦਰ ਪਰਦੇਸੀ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਜਿਸ ਵਿੱਚ ਸਨਮਾਨ ਪੱਤਰ,ਨਕਦ ਰਾਸ਼ੀ,ਸ਼ਾਨਦਾਰ ਸ਼ਾਲ ਅਤੇ ਕਿਤਾਬਾਂ ਸ਼ਾਮਲ ਸਨ।ਇਸ ਮੌਕੇ ਭਾਵੁਕ ਹੁੰਦੇ ਹੋਏ ਸਵਿੰਦਰ ਸੰਧੂ ਨੇ ਕਿਹਾ ਇਹ ਸਨਮਾਨ ਉਸ ਲਈ ਬਹੁਤ ਵੱਡੇ ਅਰਥ ਰੱਖਦਾ ਹੈ ਕਿਉਂਕਿ ਉਸ ਨੇ ਰਾਜਿੰਦਰ ਪਰਦੇਸੀ ਦੀ ਦੇਖ ਰੇਖ ਹੇਠ ਹੀ ਲਿਖਣਾ ਸ਼ੁਰੂ ਕੀਤਾ ਸੀ।ਸਵਿੰਦਰ ਸੰਧੂ ਨੇ ਆਪਣੀਆਂ ਕਵਿਤਾਵਾਂ ਦੀ ਵੀ ਸਾਂਝ ਪਾਈ।ਪ੍ਰੋ.ਬਲਦੇਵ ਸਿੰਘ ਬੱਲੀ, ਪ੍ਰੋ.ਸੰਧੂ ਵਰਿਆਣਵੀ, ਡਾ.ਗੁਰ-ਚਰਨ ਕੌਰ ਕੋਚਰ,

ਨਵਤੇਜ਼ ਗੜ੍ਹਦੀਵਾਲਾ ਆਦਿ ਨੇ ਕਿਹਾ ਕਿ ਡਾ.ਕੰਵਲ ਭੱਲਾ, ਜਗਦੀਸ਼ ਰਾਣਾ ਤੇ ਮੰਚ ਦੇ ਸਮੁੱਚੇ ਅਹੁਦੇਦਾਰਾਂ ਨੇ ਆਪਣੇ ਯਤਨਾਂ ਸਦਕਾ ਉਸਤਾਦ ਰਜਿੰਦਰ ਪਰਦੇਸੀ ਨੂੰ ਜੀਂਦੇ ਰੱਖਿਆ ਹੈ।ਉੱਘੇ ਨਾਵਲਕਾਰ ਤੇ ਪੱਤਰਕਾਰ ਕੁਲਦੀਪ ਸਿੰਘ ਬੇਦੀ ਨੇ ਰਾਜਿੰਦਰ ਪਰਦੇਸੀ ਨਾਲ਼ ਆਪਣੀਆਂ ਸਾਂਝਾਂ ਦਾ ਜ਼ਿਕਰ ਕੀਤਾ। ਡਾ.ਕੰਵਲ ਭੱਲਾ ਅਤੇ ਜਗਦੀਸ਼ ਰਾਣਾ ਨੇ ਕਿਹਾ ਕਿ ਰਜਿੰਦਰ ਪਰਦੇਸੀ ਦਾ ਸਪੁੱਤਰ ਤਜਿੰਦਰ ਮਨਚੰਦਾ ਆਪਣੇ ਪਿਤਾ ਦੀ ਸਾਹਿਤਕ ਵਿਰ-ਾਸਤ ਨੂੰ ਅੱਗੇ ਵਧਾ ਰਿਹਾ ਹੈ।

ਇਸ ਮੌਕੇ ਹੋਏ ਕਵੀ ਦਰਬਾਰ ਵਿਚ ਕੇ.ਸਾਧੂ ਸਿੰਘ,ਹਰਜੀਤ ਸੰਧੂ,ਸਰਬਜੀਤ ਸਿੰਘ ਸੰਧੂ, ਡਾ.ਗੁਰਚਰਨ ਕੌਰ ਕੋਚਰ, ਗੁਰਦੀਪ ਸਿੰਘ ਸੈਣੀ,ਨੱਕਾਸ਼ ਚਿੱਤੇਵਾਣੀ, ਹਰਦਿਆਲ ਹੁਸ਼ਿਆਰਪੁਰੀ, ਜਗਦੀਸ਼ ਰਾਣਾ, ਦਲਜੀਤ ਮਹਿਮੀ, ਬੱਬੂ ਸੈਣੀ, ਜਿੰਗਾ ਸਿੰਘ, ਜਰਨੈਲ ਸਾਖ਼ੀ,ਮਿੱਤਰ ਮਨਜੀਤ,ਕੀਮਤੀ ਕੈਸਰ,ਜਰਨੈਲ ਸਾਖ਼ੀ, ਸੀਰਤ ਸਿਖਿਆਰਥੀ,ਜੀਤ ਸੁਰਜੀਤ ਬੈਲਜੀਅਮ, ਜਸਪਾਲ ਜ਼ੀਰਵੀ,ਮੋਹਨ ਮਤਿਆਲਵੀ, ਸ਼ਾਮ ਸਰਗੂੰਦੀ, ਗੁਰਮੁਖ ਲੁਹਾਰ, ਹੀਰਾ ਲਾਲ ਮਲਹੋਤਰਾ, ਗੁਲਸ਼ਨ ਮਿਰਜ਼ਾਪੁਰੀ, ਇੰਦਰਜੀਤ ਸਿੰਘ ਮਿਸ਼ਰੀ ਤੇ ਹੋਰ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆ।ਗ਼ਜ਼ਲ ਗਾਇਕ ਸੁਰਿੰਦਰ ਗੁਲਸ਼ਨ ਨੇ ਉਸਤਾਦ ਰਾਜਿੰਦਰ ਪਰਦੇਸੀ ਦੀ ਗ਼ਜ਼ਲ ਗਾ ਕੇ ਪ੍ਰੋਗਰਾਮ ਨੂੰ ਸਿਖ਼ਰ ਤੇ ਪਹੁੰਚਾ ਦਿੱਤਾ।ਇਸ ਮੌਕੇ ਸਤਿਗੁਰੂ ਕਬੀਰ ਭਵਨ ਵੈਲਫੇਅਰ ਸੁਸਾਇਟੀ 120 ਫੁੱਟੀ ਰੋਡ ਵਿਖੇ ਬਣਨ ਜਾ ਰਹੀ ਨਵੀਂ ਲਾਇਬ੍ਰੇਰੀ ਵਾਸਤੇ ਪ੍ਰੋ.ਸੰਧੂ ਵਰੀਆਣਵੀ ਅਤੇ ਜਗਦੀਸ਼ ਰਾਣਾ ਵੱਲੋਂ ਆਪਣੀ ਨਿੱਜੀ ਲਾਇਬ੍ਰੇਰੀ ਵਿੱਚੋਂ ਚੇਅਰਮੈਨ ਕੁਲਦੀਪ ਦੀਪੂ ਅਤੇ ਪੱਤਰਕਾਰ ਕੀਮਤੀ ਭਗਤ ਨੂੰ 51 ਪੁਸਤਕਾਂ ਅਤੇ ਭਾਰਤੀ ਸੰਵਿਧਾਨ ਦੀ ਕਾਪੀ ਭੇਟ ਕੀਤੀ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਸੰਘਾ, ਕਰਨਲ ਜਗਬੀਰ ਸਿੰਘ ਸੰਧੂ, ਅਸ਼ੋਕ ਗੋਇਲ, ਗੀਤਾ ਵਰਮਾ,ਜਗਦੀਸ਼ ਡਾਲੀਆ, ਨਾਵਲਕਾਰ ਗੁਰਨਾਮ ਬਾਵਾ, ਪ੍ਰੀਤ ਮੋਹੱਦੀਪੁਰੀਆ, ਨਗੀਨਾ ਸਿੰਘ ਬਲੱਗਣ, ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

# ਰੰਗਾਂ ਤੋਂ ਸਾਵਧਾਨੀ ਵਰਤਕੇ ਹੀ ਹੋਲੀ ਦਾ ਤਿਉਹਾਰ ਮਨਾਉਣਾ ਚਾਹੀਦਾ ਹੈ : ਡਾ. ਹਰਜੀਤ ਸਿੰਘ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਰੰਗਾਂ ਦਾ ਤਿਉਹ-ਾਰ ਹੋਲੀ ਖੁਸ਼ੀਆਂ ਅਤੇ ਉਤਸ਼ਾਹ ਦਾ ਪ੍ਰਤੀਕ ਹੈ,ਪਰ ਹੋਲੀ ਖੇਡਣ ਲਈ ਬਾਜ਼ਾਰ ਵਿੱਚ ਮਿਲਣ ਵਾਲੇ ਹਲਕੇ ਰੰਗ ਸਿਹਤ ਲਈ ਹਾਨੀਕਾਰਕ ਸਾਬਤ ਹੋ ਸਕਦੇ ਹਨ। ਹੋਲੀ ਸਬੰਧੀ ਗੱਲਬਾਤ ਕਰਦਿਆਂ ਐਸ ਐਸ ਮੈਡੀਸਿਟੀ ਹਸਪਤਾਲ ਮੁਕੇਰੀਆਂ ਦੇ ਐਮ ਡੀ ਡਾ. ਹਰਜੀਤ ਸਿੰਘ ਨੇ ਕਿਹਾ ਕਿ ਰੰਗਾਂ ਤੋਂ ਸਾਵਧਾਨੀ ਵਰਤ ਕੇ ਹੀ ਹੋਲੀ ਦਾ ਤਿਉਹਾਰ ਮਨਾਇਆ ਜਾਵੇ। ਉਨ੍ਹਾਂ ਕਿਹਾ ਕਿ ਸਸਤੇ ਅਤੇ ਮਿਲਾਵਟੀ ਰੰਗਾਂ ਵਿੱਚ ਹਾਨੀਕਾਰਕ ਤੱਤ ਪਾਏ ਜਾ ਸਕਦੇ ਹਨ, ਜੋ ਚਮੜੀ, ਅੱਖਾਂ ਅਤੇ ਸਾਹ ਪ੍ਰਣਾਲੀ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਉਹਨਾਂ ਕਿਹਾ ਕਿ ਹਲਕੇ ਰੰਗਾਂ ਨਾਲ ਐਲਰਜੀ, ਖਾਰਸ਼, ਜਲਣ ਅਤੇ ਅੱਖਾਂ ਵਿੱਚ ਸੋਜ ਦੀਆਂ ਸ਼ਿਕਾਇਤਾਂ ਸਾਹਮਣੇ ਆਉਂਦੀਆਂ ਹਨ। ਉਹਨਾਂ ਕਿਹਾ ਕਿ ਕੁਦਰਤੀ ਰੰਗਾਂ ਦੀ ਵਰਤੋਂ ਕਰੋ ਤਾ ਠੀਕ ਹੋਵੇਗਾ । ਉਨ੍ਹਾਂ ਕਿਹਾ ਕਿ ਹੋਲੀ 'ਤੇ ਹਰਬਲ ਅਤੇ ਕੁਦਰਤੀ ਰੰਗਾਂ ਦੀ ਹੀ ਵਰਤੋਂ ਕਰੋ। ਕੁਦਰਤੀ ਰੰਗ ਨਾ ਸਿਰਫ ਸੁਰੱਖਿਅਤ ਹੁੰਦੇ ਹਨ, ਬਲਕਿ ਚਮੜੀ ਨੂੰ ਨੁਕਸਾਨ ਵੀ ਨਹੀਂ ਪਹੁੰਚਾਉਂਦੇ। ਜਿਸ ਕਾਰਨ ਚਮੜੀ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਨੁਕਸਾਨ ਨਹੀਂ ਹੁੰਦਾ। ਉਹਨਾਂ ਕਿਹਾ ਕਿ ਕੁਦਰਤੀ ਰੰਗਾਂ ਨਾਲ ਖੇਡੀ ਗਈ ਹੋਲੀ ਨਾ ਸਿਰਫ ਵਾਤਾਵਰਣ ਲਈ ਬਿਹਤਰ ਹੈ, ਬਲਕਿ ਸਿਹਤ ਲਈ ਵੀ ਸੁਰੱਖਿਅਤ ਹੈ। ਡਾ. ਹਰਜੀਤ ਸਿੰਘ ਨੇ ਕਿਹਾ ਕਿ ਹੋਲੀ ਦੇ ਤਿਉਹਾਰ ਨੂੰ ਪਿਆਰ-ਭਾਵਨਾ ਅਤੇ ਸਾਦਗੀ ਨਾਲ ਮਨਾਇਆ ਜਾਵੇ ਤਾ ਬਹੁਤ ਵਧੀਆ ਹੋਵੇਗਾ ।ਉਹਨਾਂ ਕਿਹਾ ਕਿ ਹੋਲੀ ਖੇਡਣ ਤੋਂ ਪਹਿਲਾਂ ਚਮੜੀ ਅਤੇ ਵਾਲਾਂ 'ਤੇ ਸਰ੍ਹੋਂ ਜਾਂ ਨਾਰੀਅਲ ਦਾ ਤੇਲ ਲਗਾਉਣਾ ਚਾਹੀਦਾ ਹੈ, ਤਾਂ ਜੋ ਰੰਗ ਸਿੱਧੇ ਚਮੜੀ ਵਿੱਚ ਨਾ ਚਿਪਕਣ ਅਤੇ ਹੋਲੀ ਖੇਡਣ ਮੌਕੇ ਚਸ਼ਮੇ ਦੀ ਵਰਤੋਂ ਕਰੋ ਤਾ ਕਿ ਅੱਖਾਂ ਵਿੱਚ ਰੰਗ ਨਾ ਜਾਵੇ । ਉਹਨਾਂ ਕਿਹਾ ਕਿ ਹੋਲੀ ਤੋਂ ਬਾਅਦ ਤੁਰੰਤ ਕੋਸੇ ਪਾਣੀ ਨਾਲ ਇਸ਼ਨਾਨ ਕਰਨਾ ਚਾਹੀਦਾ ਹੈ । ਉਹਨਾਂ ਕਿਹਾ ਕਿ ਦਮਾ ਜਾਂ ਐਲਰਜੀ ਦੇ ਮਰੀਜ਼ ਸੁੱਕੇ ਰੰਗਾਂ ਅਤੇ ਧੂੜ ਤੋਂ ਦੂਰੀ ਬਣਾਈ ਰੱਖਣ।

# ਸਾਂਝਾ ਅਧਿਆਪਕ ਮੋਰਚਾ ਵੱਲੋਂ ਟੈੱਟ ਨੂੰ ਲੈ ਕੇ ਰੋਸ ਮਾਰਚ ਤੇ ਐੱਸ ਡੀ ਐੱਮ ਦਫਤਰ ਦਾ ਘੇਰਾਉ

## ●ਸਰਕਾਰ ਵਿਰੁੱਧ ਕੀਤੀ ਰੋਸ਼ ਭਰਪੂਰ ਨਾਅਰੇਬਾਜ਼ੀ●ਟੈੱਟ ਸਬੰਧੀ ਵਿਧਾਨ ਸਭਾ ਵਿੱਚ ਬਿੱਲ ਪਾਸ ਕਰਨ ਲਈ ਮੁੱਖ ਮੰਤਰੀ ਦੇ ਨਾਂ ਦਿੱਤੇ ਮੰਗ ਪੱਤਰ

**ਕਪੂਰਥਲਾ ( ਕੌੜਾ )** – ਸਾਂਝਾ ਅਧਿਆਪਕ ਮੋਰਚੇ ਵੱਲੋਂ ਜਬਰੀ ਥੋਪੇ ਜਾ ਰਹੇ ਟੈਟ ਦੇ ਟੈਸਟ,16 ਫ਼ੀਸਦੀ ਡੀ ਏ ਨਾ ਦੇਣ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਨਾ ਕਰਨ ਦੇ ਵਿਰੋਧ ਵਿੱਚ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਦਾ ਘਿਰਾਓ ਕਰਨ ਦੇ ਦਿੱਤੇ ਸੱਦੇ ਤਹਿਤ ਅੱਜ ਸੁਲਤਾਨਪੁਰ ਲੋਧੀ ਵਿਖੇ ਵੱਖ ਵੱਖ ਅਧਿਆਪਕ ਜਥੇਬੰਦੀਆਂ ਵੱਲੋਂ ਵਿਸ਼ਾਲ ਰੋਸ ਮਾਰਚ ਕਰਦਿਆਂ ਸਰਕਾਰ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਉਹ ਆਪਣੀਆਂ ਮੰਗਾਂ ਨੂੰ ਮੰਨਵਾਉਣ ਲਈ ਸੰਘਰਸ਼ ਨੂੰ ਹੋਰ ਤਿੱਖਾ ਕਰਨਗੇ। ਇਸ ਤੋਂ ਪਹਿਲਾਂ ਬਲਾਕ ਸਿੱਖਿਆ ਦਫ਼ਤਰ ਮੂਹਰੇ ਦਿੱਤੇ ਧਰਨੇ ਨੂੰ ਸੰਬੋਧਨ ਕਰਦਿਆਂ ਗੌਰਮਿੰਟ ਟੀਚਰ ਯੂਨੀਅਨ ਦੇ ਸੂਬਾਈ ਆਗੂ ਰਸ਼ਪਾਲ ਸਿੰਘ ਵੜੈਚ,ਪ੍ਰਧਾਨ ਸੁਖਚੈਨ ਸਿੰਘ ਬੱਧਣ, ਡੈਮੋਕ੍ਰੇਟਿਕ ਟੀਚਰ ਫਰੰਟ ਦੇ ਪ੍ਰਧਾਨ ਹਰਵਿੰਦਰ ਸਿੰਘ ਅੱਲੂਵਾਲ, ਸੀਨੀਅਰ ਆਗੂ ਜੈਮਲ ਸਿੰਘ, ਤੇਜਿੰਦਰ ਸਿੰਘ ਅਲੌਦੀਪੁਲ ,ਬਲਬੀਰ ਸਿੰਘ , ਗੁਰਦੀਪ ਸਿੰਘ ਧੰਮ, ਬਲਵਿੰਦਰ ਸਿੰਘ ਭੰਡਾਲ,ਪਵਨ ਕੁਮਾਰ ਜੋਸ਼ੀ, ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਬਲਜੀਤ ਸਿੰਘ ਟਿੱਬਾ, ਅਧਿਆਪਕ ਦਲ ਦੇ ਆਗੂ ਮਨਜਿੰਦਰ ਸਿੰਘ ਧੰਜੂ, ਅਮਰੀਕ ਸਿੰਘ ਰੰਧਾਵਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੁਪਰੀਮ ਕੋਰਟ ਨੇ ਐਨ ਸੀ ਟੀ ਈ ਦੇ ਨੋਟੀਫਿਕੇਸ਼ਨ ਦੀ ਅਣਦੇਖੀ ਕਰਦਿਆਂ 01.09.2025 ਦੇ ਫੈਸਲੇ ਕਾਰਨ ਸਭ ਅਧਿਆਪਕਾਂ 'ਤੇ ਬੇਲੋੜੀ ਟੈੱਟ ਦੀ ਸ਼ਰਤ ਥੋਪ ਦਿੱਤੀ ਗਈ ਹੈ, ਜ਼ੋ ਕਿ ਗੈਰ ਸੰਵਿਧਾਨਿਕ ਹੈ। ਉਨ੍ਹਾਂ ਨੇ ਕਿਹਾ ਕਿ ਸਿੱਖਿਆ ਮੰਤਰੀ, ਮੁੱਖ ਮੰਤਰੀ ਜਾਂ ਪੰਜਾਬ ਸਰਕਾਰ ਵੱਲੋਂ ਇਸ ਗੈਰ ਸੰਵਿਧਾਨਿਕ ਫੈਸਲੇ ਵਿਰੁੱਧ ਨਾ ਸੁਪਰੀਮ ਕੋਰਟ ਵਿੱਚ ਰਿਵਿਊ ਪਟੀਸ਼ਨ ਪਾਈ ਗਈ ਹੈ ਅਤੇ ਨਾ ਹੀ ਵਿਧਾਨ ਸਭਾ ਵਿੱਚ ਬਿੱਲ ਪਾਸ ਕਰਕੇ ਅਧਿਆਪਕਾਂ ਨੂੰ ਰਾਹਤ ਦਿੱਤੀ ਗਈ ਹੈ। ਸਗੋਂ ਕੁਝ ਕੈਟਾਗਰੀਆਂ ਨੂੰ 2017 ਦੇ ਇੱਕ ਪੱਤਰ ਅਨੁਸਾਰ ਪਦਉਨਤੀਆਂ ਸਮੇਂ ਟੈੱਟ ਤੋਂ ਛੋਟ ਦਿੱਤੀ ਗਈ ਸੀ, ਉਹ ਪੱਤਰ ਵੀ ਸੁਪਰੀਮ ਕੋਰਟ ਦੇ ਫੈਸਲੇ ਉਪਰੰਤ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਵਾਪਸ ਲੈ ਲਿਆ ਗਿਆ ਹੈ ਅਤੇ ਅਧਿਆਪਕਾਂ ਦੀਆਂ ਪਦਉਨਤੀਆਂ ਤੇ ਰੋਕ ਲਗਾ ਦਿੱਤੀ ਗਈ ਹੈ। ਇਸ ਧੱਕੇ ਵਿਰੁੱਧ ਅਧਿਆਪਕ ਜਥੇਬੰਦੀਆਂ ਵੱਲੋਂ 22 ਫਰਵਰੀ ਨੂੰ ਸਿੱਖਿਆ ਮੰਤਰੀ ਦੇ ਹਲਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਸਰਕਾਰ ਦੀ ਬਦਨੀਤੀ ਕਾਰਨ ਹੀ ਅਧਿਆਪਕਾਂ ਵਲੋਂ ਲਗਭਗ ਦੋ ਘੰਟੇ ਜੀ ਟੀ ਰੋਡ ਜਾਮ ਕਰਨਾ ਪਿਆ। ਜਿਸ ਉਪਰੰਤ 27 ਫਰਵਰੀ ਨੂੰ ਸਿੱਖਿਆ ਮੰਤਰੀ ਪੰਜਾਬ ਨਾਲ ਪੰਜਾਬ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਦਾ ਸਮਾਂ ਦਿੱਤਾ ਗਿਆ ਸੀ। ਇਸ ਮਹੱਤਵਪੂਰਨ ਮੀਟਿੰਗ ਨੂੰ ਸਿੱਖਿਆ ਮੰਤਰੀ ਵਲੋਂ ਇੱਕ ਦਿਨ ਪਹਿਲਾਂ ਮੁਲਤਵੀ ਕਰਕੇ ਅੱਗੇ ਪਾ ਦਿੱਤਾ ਗਿਆ। ਆਗੂਆ ਨੇ ਕਿਹਾ ਕਿ ਨਾ ਹੀ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ 16 ਫੀਸਦੀ ਡੀ ਏ ਦੀਆਂ ਕਿਸ਼ਤਾਂ ਅਤੇ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਨਹੀਂ ਕੀਤਾ ਜਾ ਰਿਹਾ ਹੈ। ਜ਼ੋ ਕਿ ਮੁਲਾਜ਼ਮਾਂ ਨਾਲ ਵੱਡਾ ਧੋਖਾ ਕੀਤਾ ਜਾ ਰਿਹਾ ਹੈ।ਇਸ ਮੌਕੇ ਇਕੱਤਰ ਹੋਏ ਅਧਿਆਪਕਾਂ ਨੇ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿੱਚ ਰੋਸ ਮਾਰਚ ਕਰਦਿਆਂ ਐਸ ਡੀ ਐਮ ਦਫਤਰ ਦਾ ਘਿਰਾਓ ਕੀਤਾ।ਇਸ ਮੌਕੇ ਤਹਿਸੀਲਦਾਰ ਪਰਮਿੰਦਰ ਸਿੰਘ ਨੇ ਅਧਿਆਪਕ ਜਥੇਬੰਦੀਆਂ ਕੋਲੋਂ ਮੰਗ ਪੱਤਰ ਲਿਆ ਅਤੇ ਵਿਸ਼ਵਾਸ ਦਿਵਾਇਆ ਕਿ ਇਹ ਮੰਗ ਪੱਤਰ ਤਰੁੰਤ ਮੁੱਖ ਮੰਤਰੀ ਦਫ਼ਤਰ ਨੂੰ ਭੇਜ ਦਿੱਤਾ ਜਾਵੇਗਾ।ਇਸ ਮੌਕੇ ਆਗੂਆਂ ਨੇ ਐਲਾਨ ਕੀਤਾ ਕਿ 8 ਮਾਰਚ ਨੂੰ ਉਪਰੋਕਤ ਮੰਗਾਂ ਨੂੰ ਲੈਕੇ ਵਿਧਾਨ ਸਭਾ ਦਾ ਘਿਰਾਓ ਕੀਤਾ ਜਾਵੇਗਾ।ਇਸ ਮੌਕੇ ਸੁਖਦੇਵ ਸਿੰਘ ਬੂਲਪੁਰ, ਪ੍ਰਦੀਪ ਸਿੰਘ ਘੁਮਾਣ, ਅਸ਼ਵਨੀ ਕੁਮਾਰ, ਗੁਰਦੇਵ ਸਿੰਘ ਡੱਲਾ, ਜਗਦੇਵ ਸਿੰਘ ਕਾਹਲੋਂ, ਦਿਲਬਾਗ ਸਿੰਘ ਖਿੰਡਾ,ਅਮਨਦੀਪ ਸਿੰਘ ਖਿੰਡਾ, ਯਾਦਵਿੰਦਰ ਸਿੰਘ, ਸ਼ਿੰਦਰ ਸਿੰਘ, ਅਮ੍ਰਿਤਪਾਲ ਸਿੰਘ, ਨਵਨੀਤ ਜੰਮੂ, ਹਰਵਿੰਦਰ ਕੌਰ, ਪਰਮਜੀਤ ਕੌਰ, ਪਰਮਿੰਦਰ ਕੌਰ, ਮੰਨੂ ਗੁਜ਼ਰਾਲ, ਪ੍ਰਦੀਪ ਕੌਰ, ਹਰਵਿੰਦਰ ਕੌਰ, ਸਰਬਜੀਤ ਕੌਰ ਟਿੱਬਾ, ਮਨਜੀਤ ਕੌਰ ਕਾਲਰੂ, ਹਰਵਿੰਦਰ ਸਿੰਘ ਵਿਰਦੀ, ਪ੍ਰਭਜੋਤ ਕੌਰ, ਬਲਜੀਤ ਕੌਰ,ਜਸਵੀਰ ਸਿੰਘ ਚੀਮਾ, ਅਵਤਾਰ ਸਿੰਘ ਹੈਬਤਪੁਰ,ਜਗਜੀਤ ਸਿੰਘ, ਕੰਵਲਪ੍ਰੀਤ ਸਿੰਘ, ਸੁਖਨਿੰਦਰ ਸਿੰਘ, ਅਮਨਦੀਪ ਸਿੰਘ ਜੱਬੋਵਾਲ, ਸ਼ਿੰਦਰ ਸਿੰਘ,ਰਾਜ ਕੁਮਾਰ, ਸੰਦੀਪ ਸਿੰਘ ਟਿੱਬਾ, ਸੁਖਪਾਲ ਸਿੰਘ, ਸਰਬਜੀਤ ਸਿੰਘ ਅਮਰਕੋਟ, ਰੁਪਿੰਦਰ ਸਿੰਘ, ਅਜੇ ਗੁਪਤਾ, ਅਜੇ ਗਿੱਲ, ਆਦਿ ਹਾਜ਼ਰ ਸਨ।





**ਸਾਂਝਾ ਅਧਿਆਪਕ ਮੋਰਚੇ ਦੇ ਆਗੂ ਐਸ ਡੀ ਐਮ ਦਫਤਰ ਦਾ ਘਿਰਾਓ ਕਰਨ ਸਮੇਂ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਅਤੇ ਤਹਿਸੀਲਦਾਰ ਪਰਮਿੰਦਰ ਸਿੰਘ ਨੂੰ ਮੰਗ ਪੱਤਰ ਦਿੰਦੇ ਹੋਏ ਅਧਿਆਪਕ ਆਗੂ।**

# ਸ਼੍ਰੀ ਕੀਰਤਨ ਸੇਵਾ ਸੁਸਾਇਟੀ ਮਾਡਲ ਟਾਉਨ, ਲੁਧਿਆਣਾ ਵੱਲੋਂ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ 47ਵਾਂ ਅੱਖਾਂ ਦਾ ਫਰੀ ਅਪਰੇਸ਼ਨ ਅਤੇ ਜਨਰਲ ਮੈਡੀਕਲ ਕੈਂਪ 8 ਮਾਰਚ ਦਿਨ ਐਤਵਾਰ ਨੂੰ ਸਵੇਰ 9 ਵਜੇ ਤੋਂ ਦੁਪਹਿਰ 2 ਵਜੇ ਤੱਕ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸੱਚਖੰਡ ਵਾਸੀ ਸੰਤ ਬਾਬਾ ਸੁਚਾ ਸਿੰਘ ਜੀ ਸੰਸਥਾਪਕ ਜਵੱਦੀ ਟਕਸਾਲ ਅਤੇ ਸਵਰਗੀ ਪੰਥ ਰਤਨ ਭਾਈ ਜਸਬੀਰ ਸਿੰਘ ਖੰਨੇ ਵਾਲਿਆਂ ਦੀ ਅਸੀਸ ਸਦਕਾ ਪਿਛਲੇ 40 ਸਾਲਾਂ ਤੋਂ ਸਮਾਜਿਕ ਸੇਵਾ ਅਤੇ ਧਰਮ ਕਾਰਜ ਨੂੰ ਸਮਰਪਿਤ ਸ਼੍ਰੀ ਕੀਰਤਨ ਸੁਸਾਇਟੀ (ਰਜਿ:) ਵੱਲੋਂ ਪਰਮ ਸਤਿਕਾਰਯੋਗ ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਦੀ ਸੁਚੱਜੀ ਰਹਿਨੁਮਾਈ ਹੇਠ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ 47ਵਾਂ ਅੱਖਾਂ ਦਾ ਫਰੀ ਜਨਰਲ ਮੈਡੀਕਲ ਕੈਂਪ 8 ਮਾਰਚ ਦਿਨ ਐਤਵਾਰ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਲਾਇਆ ਜਾਵੇਗਾ

ਸੁਸਾਇਟੀ ਦੇ ਚੇਅਰਮੈਨ ਮਾਸਟਰ ਤਰਲੋਚਨ ਸਿੰਘ, ਪ੍ਰਧਾਨ ਸ੍ਰ: ਪ੍ਰੇਮ ਸਿੰਘ, ਬੀਬੀ ਬਲਦੇਵ ਕੌਰ, ਸੁਰਿੰਦਰ ਸਿੰਘ, ਗੁਰਚਰਨ ਪਾਲ ਸਿੰਘ, ਰਮਨਜੋਤ ਸਿੰਘ, ਸੁਖਵਿੰਦਰ ਸਿੰਘ, ਸ੍ਰ: ਮਨਪ੍ਰੀਤ ਸਿੰਘ ਅਤੇ ਗੁਰਿੰਦਰ ਸਿੰਘ ਨੇ ਇਸ ਮੀਟਿੰਗ ਦੌਰਾਨ ਕੈਂਪ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਂਪ ਵਿੱਚ, ਡਾ: ਐਚ.ਪੀ. ਸਿੰਘ ਆਈ.ਸਰਜਨ, ਐਮ.ਡੀ. (ਏਮਜ਼) ਸਾਹਮਣੇ ਗੁਰੂ ਨਾਨਕ ਇੰਜੀ: ਕਾਲਜ, ਗਿੱਲ ਰੋਡ, ਡਾ: ਬੀ.ਐਸ ਸ਼ਾਹ ਐਮ.ਡੀ. ਪੈਥਾਲੋਜਿਸਟ, ਮਾਡਲ ਟਾਊਨ, ਸਾਬਕਾ ਮੈਡੀਕਲ ਸੁਪਰਡੈਂਟ ਡੀ.ਐਮ.ਸੀ., ਡਾ: ਬਰਿੰਦਰ ਸਿੰਘ ਪੌਲ ਐਮ. ਡੀ. ਮੈਡੀਸਨ, ਡੀ. ਐਮ (ਨਿਊਰੋਲੋਜੀ) ਏਮਜ਼ ਨਿਊ ਦਿੱਲੀ, ਡੀ.ਐਮ.ਸੀ. ਡਾ: ਬਿਕਰਮ ਸਿੰਘ ਰਾਜਪਾਲ ਐਮ. ਬੀ. ਬੀ. ਐਸ., ਐਮ. ਐਸ, ਕੌਸਮੈਸ ਹਸਪਤਾਲ, ਮਾਡਲ ਟਾਊਨ, ਹੱਡੀਆਂ, ਜੋੜਾਂ ਦੇ ਰੋਗਾਂ, ਗੋਡਿਆਂ ਦੀ ਰੀਪਲਸਮੈਂਟ ਦੇ ਮਾਹਿਰ, ਡਾ: ਐਮ. ਐਸ. ਨੰਦਾ, ਚਮੜੀ ਰੋਗਾਂ ਦੇ ਮਾਹਿਰ ਮਾਡਲ ਟਾਊਨ ਐਕਸਟੈਂਸ਼ਨ-ਏ ਡਾ: ਹਰਵਿੰਦਰ ਸਿੰਘ ਈ.ਐਨ.ਟੀ. ਮਾਡਲ ਟਾਊਨ (ਰਿਟਾ: ਸਿਵਲ ਸਰਜਨ) ਡਾ: ਭਜਨਦੀਪ ਸਿੰਘ, ਦੀਪ ਡੈਂਟਲ ਕਲੀਨਿਕ, ਸ਼ਾਸ਼ਤਰੀ ਨਗਰ, ਮਾਡਲ ਟਾਊਨ, ਡਾ: ਰਵੀਕਾਤ ਐਮ.ਡੀ.ਮੈਡੀਕਲ ਪ੍ਰੈਕਟੀਸ਼ਨਰ ਗਾਂਧੀ ਕਲੋਨੀ (ਕੋਚਰ ਮਾਰਕੀਟ), ਡਾ: ਅਵਰੀਨ ਸਿੰਘ ਸ਼ਾਹ ਐਮ.ਐਸ. (ਸਰਜਰੀ) ਐਮ.ਸੀ.ਐਚ ਮਰਦਾਂ ਵਿੱਚ ਸੰਤਾਨ ਸਮੱਸਿਆ ਦੇ ਮਾਹਿਰ ਡਾ: ਅਜੀਤ ਤਿਆਗੀ-ਆਰਤੀ ਤਿਆਗੀ ਐਕਉਪ੍ਰੈਸ਼ਰ ਦੇ ਮਾਹਿਰ ਵਿਸ਼ਾਲ ਨਗਰ, ਪੱਖੋਵਾਲ ਰੋਡ ਡਾ: ਸੁਚਿਤਾ ਬਤੇਰਾ (ਗਾਇਨੀ) ਐਮ.ਬੀ.ਬੀ.ਐਸ., ਐਮ.ਐਸ.ਔਰਤ ਰੋਗਾਂ ਦੇ ਮਾਹਿਰ, ਪਾਸੀ ਨਗਰ ਡਾ: ਹਰਮੀਤ ਸਿੰਘ ਸੈਣੀ, ਫਿਜਉਥਰੈਪਿਸਟ 'ਹਰਜਸ ਹਸਪਤਾਲ' ਸ਼ਹੀਦ ਕਰਨੈਲ ਸਿੰਘ ਨਗਰ ਪੱਖੋਵਾਲ ਰੋਡ ਵੈਦ ਬਿਧਪਾਲ ਸਿੰਘ - ਨਾਦੀ ਪਾਰਿਕਸ਼ਾ, ਹਰ ਬੀਮਾਰੀ ਦੇ ਮਾਹਿਰ ਸ਼ਹੀਦ ਕਰਨੈਲ ਸਿੰਘ ਨਗਰ ਮਰੀਜਾਂ ਦਾ ਚੈੱਕਅਪ ਕਰਨਗੇ।



**ਨੋਟ:** ਕੈਂਪ ਵਿੱਚ ਚਿੱਟੇ ਮੋਤੀਆ ਵਾਲੇ ਕੇਸਾਂ ਵਿੱਚ ਅੱਖਾਂ ਦੇ ਲੈਂਜ਼ ਫਰੀ ਪਾਏ ਜਾਣਗੇ, ਦਵਾਈਆਂ ਫਰੀ ਦਿੱਤੀਆਂ ਜਾਣਗੀਆਂ । ਬੀ.ਪੀ ਅਤੇ ਸੁਗਰ ਦੇ ਟੈਸਟ ਵੀ ਕੀਤੇ ਜਾਣਗੇ । ਗੁਰੂ ਕੇ ਲੰਗਰ ਅਤੁੱਟ ਵਰਤਣਗੇ।

# ਅਸਲੀ ਸਤਸੰਗ



ਬੰਦਿਆ ਤੂੰ ਕਰਦੈਂ ਗੱਲਾਂ ,
ਕੁਦਰਤ ਨਾਲ ਜੰਗ ਦੀਆਂ ।
ਤਾਈਓਂ ਹਨ ਪੀੜਾਂ ਤੈਨੂੰ ,
ਸੂਲੀ 'ਤੇ ਟੰਗਦੀਆਂ ।
ਕਰਦੇ ਹਾਂ ਮੀਨ੍ਹੇਂ ਮਗਰੋਂ ,
ਧੂਰੀ ਇੱਕ ਸਾਹਿਤ ਸਮਾਗਮ,
ਹੁੰਦੀਆਂ ਨੇ ਗੱਲਾਂ ਜਿੱਥੇ ,
ਸੱਚ ਦੇ ਹਰ ਰੰਗ ਦੀਆਂ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

# ਕਵਿਤਾ

ਕਿੱਕਲੀ ਕਲੀਰ ਦੀ
ਜਾਵੇ ਸੀਨਾ ਚੀਰਦੀ,
ਸਾਫਾ ਮਜ਼ਦੂਰ ਦਾ
ਸੀਤਾ ਫਲ ਹੂਰ ਦਾ,
ਪੱਗ ਜੀ ਕਿਸਾਨਾਂ ਦੀ
ਚੌਧਰ ਬੇਈਮਾਨਾਂ ਦੀ,
ਦੁਪੱਟਾ ਬੇਰੁਜ਼ਗਾਰੀ ਦਾ
ਲੀਰੋ -ਲੀਰ ਕਿਨਾਰੀ ਦਾ,
ਖੁੱਲ੍ਹੀ ਛੁੱਟੀ ਠੇਕੇ ਨੂੰ
ਜਿੰਦਾ ਓ ਅ ਏਕੇ ਨੂੰ,
ਡਿਗਰੀ ਪੜ੍ਹਾਈ ਦੀ
ਤੁਰ ਗਈ ਅਜਾਈਂ ਜੀ,
ਪਸੀਨਾ ਲ਼ਹੂ ਕਮਾਈ ਦਾ
ਰਿਸ਼ਵਤ ਦੇ ਗਵਾਈ ਦਾ,
ਡਾਕਟਰ ਜੱਲਾਦ ਜੀ
ਘਰ ਬਰਬਾਦ ਜੀ,
ਅੰਨ੍ਹੇ ਹੱਥ ਲੋਟੇ ਜੀ
ਨੌਕਰੀਆਂ ਦੇ ਕੋਟੇ ਜੀ,
ਪੁੱਤਰ ਭੁੱਖ ਹੜਤਾਲਾਂ 'ਤੇ
ਬਾਪੂ ਵਾਰੀ ਖਾਲਾਂ 'ਤੇ,
ਲਾਰੇ- ਲੱਪੇ ਮਿੱਠੇ ਜੀ
ਪੰਜੀਂ ਸਾਲੀਂ ਡਿੱਠੇ ਜੀ,
ਅੰਨ੍ਹੇ ਪੈਰ ਬਟੇਰਾ ਜੀ
ਨਾ ਤੇਰਾ ਜੀ ਨਾ ਮੇਰਾ ਜੀ,
ਰੋਂਦੇ ਤਾਰ ਸਿਤਾਰਾਂ ਦੇ
ਫਿੱਟੇ ਮੂੰਹ ਸਰਕਾਰਾਂ ਦੇ
ਫਿੱਟੇ ਮੂੰਹ ਸਰਕਾਰਾਂ ਦੇ।



**ਬੇਅੰਤ ਕੌਰ ਗਿੱਲ ਮੋਗਾ**

# ਦੋਸ਼ ਨਸੀਬਾਂ ਦਾ

ਇਸ਼ਕੇ ਦੇ ਲੜ ਲੱਗ ਕੇ ਸੱਜਣਾਂ,
ਘਰ ਬਾਰ ਲੁੱਟਾ ਕੇ ਬਹਿ ਗਈ ਹਾਂ।
ਮੇਰੇ ਮੁੱਖ ਤੋ ਹਾਸੇ ਉੱਡ ਗਏ ਨੇ,
ਬਸ ਰਾਹਾਂ ਤੱਕਦੀ ਰਹਿ ਗਈ ਹਾਂ।
*******
ਸ਼ੋਰ ਵੀਣੀ ਦੀਆਂ ਟੁੱਟੀਆਂ ਵੰਗਾਂ ਦਾ,
ਪੀੜ ਹਿਜ਼ਰ ਦੀ ਸਹਿ ਗਈ ਹਾਂ।
ਸ਼ਗਨਾਂ ਦੀ ਚੁੰਨੀ ਹੈ ਲੀਰੋ ਲੀਰ,
ਦਿੰਦੀ ਦੋਸ਼ ਲੇਖਾਂ ਨੂੰ,ਰਹਿ ਗਈ ਹਾਂ।
*******
ਅੱਜ ਪੱਤ ਦੀ ਖਾਤਿਰ ਚੁੱਪ ਹਾਂ ਮੈ,
ਜਦੋਂ ਵੱਸ ਨਸ਼ੇੜੀ ਦੇ ਪੈ ਗਈ ਹਾਂ।
ਖੰਭ ਜੱਗ ਨੇ ਨੋਚੇ ਉੱਡਣ ਵਾਲੇ,
ਬਸ ਕੈਦਣ ਬਣਕੇ ਰਹਿ ਗਈ ਹਾਂ।
*******
ਪਾਟੇ ਕੱਪੜੇ,ਸਿਰ ਤੇ ਪੈਰ ਨੰਗੇ,
ਸਭ ਜਿੰਮਾਂ ਖੁਦ 'ਤੇ ਲੈ ਗਈ ਹਾਂ।
ਮੇਲ-ਵਿਛੋੜਾ 'ਸਿਆਣ' ਹੈ ਲੇਖਾਂ ਦਾ,
ਹੁਣ ਲ਼ਫਜ਼ਾਂ ਜੋਗੀ ਰਹਿ ਗਈ ਹਾਂ।
*******



**ਸੁਖਵਿੰਦਰ ਸਿਆਣ ( ਅਧੂਰੀ ਮੁਹੱਬਤ )**

# .ਗਜ਼ਲ

ਜੋ ਨਾਬਰ ਹੋ ਗਏ ਬੰਦੇ ਸਤਾਏ ਸ਼ਾਤਿਰਾਂ ਹੱਥੋਂ।
ਉਨ੍ਹਾਂ ਤਸਦੀਕ ਨਈਂ ਚਾਹੀ ਕਦੇ ਵੀ ਹਾਕਮਾਂ ਹੱਥੋਂ।

ਸਲਾਮਤ ਲੋਕਤੰਤਰ, ਕਿੰਝ ਆਖਾਂ ਮੁਲਕ ਅਪਣੇ ਦਾ ?
ਹਮੇਸ਼ਾਂ ਲੋਕ ਜਾਂਦੇ ਹਾਰ ਏਥੇ ਸਾਜਿਸ਼ਾਂ ਹੱਥੋਂ।

ਲਿਹਾਜਾਂ ਪਾ਼ਲਦੇ ਫਿਰਦੇ ਨੇ ਮਤਲਬ ਵਾਸਤੇ ਜਿਹੜੇ,
ਨਿਆਂ ਦੀ ਆਸ ਕੀ ਰੱਖਣੀ ਹੈ ਉਹਨਾਂ ਮੁਨਸਿਫਾਂ ਹੱਥੋਂ।

ਅਜੋਕੀ ਦੌੜ ਆਖਾਂ ਜਾਂ ਕਹਾਂ ਕਲਯੁਗ ਦਾ ਹੈ ਪਹਿਰਾ,
ਬੜੀ ਜਾਦੂਗਰੀ ਹੁੰਦੀ ਹੈ ਅੱਜਕਲ੍ਹ ਰਹਿਬਰਾਂ ਹੱਥੋਂ।

ਕਰੀ ਜੋ ਕਸਰਤਾਂ ਜਾਂਦੇ ਨੇ ਇਸ ਟਾਹਣੀ ਤੋਂ ਉਸ ਟਾਹਣੀ,
ਬਚਾ ਕੇ ਬਾਗ ਨੂੰ ਰੱਖੋ ਅਜੇਹੇ ਬਾਂਦਰਾਂ ਹੱਥੋਂ



**ਅਮਰਜੀਤ ਸਿੰਘ ਜੀਤ**
919417287122

# ਗੋਲੀ

ਇਨਸਾਨੀਅਤ ਪ੍ਰਤੀ ਸਮਾਜ ਇਹ ਸਾਡਾ, ਹੋ ਗਿਆ ਕਿਉਂ ਅਣਗੌਲਾ
ਇੱਕ ਲਾਈਸੈਂਸ ਦੇ ਨਾਲ ਰੱਖੀਆਂ ਦੋ ਜਾਲੀ ਪਸਤੌਲਾਂ
ਪੁੱਤਾ ਦੇ ਲਈ ਮੰਗਣ ਦੁਆਵਾਂ, ਮਾਵਾਂ ਅੱਡਕੇ ਝੋਲੀ
ਨਿੱਕੀ ਨਿੱਕੀ ਗੱਲ ਤੇ ਅੱਜ ਕੱਲ੍ਹ ਚੱਲ ਜਾਂਦੀ ਹੈ ਗੋਲੀ

ਗੋਲੀ ਮਾਰਕੇ ਨਿੱਕਲ ਜਾਂਦੇ, ਫਿਰ ਆਉਂਦੇ ਅਧਿਕਾਰੀ
ਅਣਪਛਾਤੇ ਪੰਜ ਸੱਤ ਬੰਦਿਆਂ ਦੀ ਭਾਲ ਹੁੰਦੀ ਹੈ ਜ਼ਾਰੀ
ਜਿਨ੍ਹਾਂ ਨੇ ਅੱਖੀਂ ਦੇਖਿਆ ਹੁੰਦਾ ਉਹ ਭੇਤ ਜਾਂਦੇ ਆ ਖੋਲੀ
ਨਿੱਕੀ ਨਿੱਕੀ ਗੱਲ ਤੇ ਅੱਜ ਕੱਲ੍ਹ,ਚੱਲ ਜਾਂਦੀ ਹੈ ਗੋਲੀ

ਰਪਟਾਂ ਜਾਂ ਫਇਲਾਂ ਵਿਚ ਲੱਗੀਆਂ, ਤਫਤੀਸ਼ ਕਰਨ ਦੇ ਨਾਂ ਤੇ
ਲੱਭਿਆਂ ਵੀ ਨਹੀਂ ਲੱਭਦਾ ਮੁੱਦਾ ਤੱਕਿਆ ਜਦ ਉਸ ਥਾਂ ਤੇ
ਅਫ਼ਸਰ ਸ਼ਾਹੀ ਕੁੱਝ ਨਾਂ ਬੋਲੇ,ਗਈ ਪੈਸੇ ਦੇ ਸੰਗ ਤੋਲੀ
ਨਿੱਕੀ ਨਿੱਕੀ ਗੱਲ ਤੇ ਅੱਜ ਕੱਲ੍ਹ,ਚੱਲ ਜਾਂਦੀ ਹੈ ਗੋਲੀ

ਗੁਰਮੀਤ ਡੁਮਾਣੇ ਵਾਲਿਆ ਅੱਜ ਕੱਲ੍ਹ,ਆ ਦੌਰ ਚੱਲ ਪਿਆ ਕਿਹੜਾ
ਅਸਲੀ ਚੇਹਰਾ ਨਕਲੀਆਂ ਪਿੱਛੇ ਛੁਪਕੇ ਬੈਠਾਂ ਜਿਹੜਾ ਵਾੜ ਖੇਤ ਨੂੰ ਖਾਈ ਜਾਦੀ ਆ,
ਤੇ ਬਾਹਰ ਜਾਂਦੇ ਆ ਟੋਹਲੀ
ਨਿੱਕੀ ਨਿੱਕੀ ਗੱਲ ਤੇ ਅੱਜ ਕੱਲ੍ਹ, ਚੱਲ ਜਾਂਦੀ ਹੈ ਗੋਲੀ



**ਸ਼ਾਇਰ**
**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**



# 'ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ' ਦਾ ਜ਼ਿਲਾ ਫ਼ਰੀਦਕੋਟ ਵਿਖੇ ਜਥੇਬੰਦਕ ਇਜਲਾਸ ਅਤੇ ਨਵੀਂ ਕਮੇਟੀ ਦਾ ਗਠਨ





**ਫ਼ਰੀਦਕੋਟ ( ਸ਼ਿਵਨਾਥ)** ਅੱਜ 'ਭਗਤ ਸਿੰਘ ਨੌਜਵਾਨ ਸਭਾ ਪੰਜਾਬ' ਵੱਲੋਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਨੇੜੇ, ਬੱਸ ਸਟੈਂਡ ਫ਼ਰੀਦਕੋਟ ਵਿਖੇ ਇੱਕ ਵਿਸ਼ੇਸ਼ ਜਥੇਬੰਦਕ ਇਜਲਾਸ ਕੀਤਾ ਗਿਆ। ਇਸ ਇਜਲਾਸ ਵਿੱਚ ਸੂਬੇ ਦੇ ਸੂਬਾ ਜਰਨਲ ਸਕੱਤਰ ਸ੍ਰੀ ਧਰਮਿੰਦਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਜਲਾਸ ਦੌਰਾਨ ਮੌਜੂਦਾ ਮੈਂਬਰਾਂ ਦੀ ਸਰਬਸੰਮਤੀ ਨਾਲ ਜ਼ਿਲ੍ਹਾ ਫਰੀਦਕੋਟ ਦੀ ਪੁਰਾਣੀ ਕਮੇਟੀ ਨੂੰ ਭੰਗ ਕਰਕੇ ਨਵੀਂ ਕਮੇਟੀ ਦੀ ਚੋਣ ਕੀਤੀ ਗਈ। ਨਵੀਂ ਚੁਣੀ ਗਈ ਕਮੇਟੀ ਵਿੱਚ ਹੇਠ ਲਿਖੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ । ਜਿਸ ਵਿਚ ਜ਼ਿਲਾ ਪ੍ਰਧਾਨ ਸ੍ਰੀ ਲਾਭ ਸਿੰਘ ,ਜਰਨਲ ਸਕੱਤਰ ਸ੍ਰੀ ਜਨਕ ਰਾਜ ਜਨਕੂ, ਕੈਸ਼ੀਅਰ ਸ੍ਰੀ ਗੁਰਪ੍ਰੀਤ ਸਿੰਘ ਹੈਪੀ , ਸੀਨੀਅਰ ਮੀਤ ਪ੍ਰਧਾਨ ਸ੍ਰੀ ਪ੍ਰਦੀਪ ਕੁਮਾਰ ਕਾਉ ਸੀਨੀਅਰ ਮੀਤ ਪ੍ਰਧਾਨ ਸ੍ਰੀ ਹਰੀਦਾਸ, ਪ੍ਰੈੱਸ ਸਕੱਤਰ ਸ੍ਰੀ ਸੁਖਮੰਦਰ ਸਿੰਘ ਗਿੱਲ ,ਮੁੱਖ ਸਲਾਹਕਾਰ ਸ੍ਰੀ ਜਤਿੰਦਰ ਕੁਮਾਰ, ਸ੍ਰੀ ਨਵਦੀਪ ਸਿੰਘ, ਸ੍ਰੀ ਸਿਮਰਜੀਤ ਸਿੰਘ ਬਰਾੜ, ਗੁਰਤੇਜ ਸਿੰਘ ਖਹਿਰਾ ਆਦਿ ਲਗਾਏ ਗਏ।

ਇਸ ਤੋਂ ਇਲਾਵਾ ਹੇਠ ਲਿਖੇ ਸਾਥੀਆਂ ਨੂੰ ਕਮੇਟੀ ਦੇ ਮੈਂਬਰ ਵਜੋਂ ਚੁਣਿਆ ਗਿਆ ਜਿਵੇ ਕਿ , ਸ੍ਰੀ ਸੁਖਜੀਤ ਸਿੰਘ, ਸ੍ਰੀ ਗੁਨਰਾਜ ਸਿੰਘ ਖਹਿਰਾ, ਸਾਹਿਲ, ਪ੍ਰੀਤ ਸਿੰਘ ਬਰਾੜ, ਸ੍ਰੀ ਰਵਿੰਦਰ ਕੁਮਾਰ, ਦਿਲਪ੍ਰੀਤ ਸਿੰਘ, ਜਸਵਿੰਦਰ ਸਿੰਘ ਜੱਸੀ, ਕੁਲਦੀਪ ਸਿੰਘ, ਪਰਮਿੰਦਰ ਸਿੰਘ, ਨਵਪ੍ਰੀਤ ਸ਼ਰਮਾ, ਪ੍ਰੀਤ ਭਾਟੀਆ, ਰਾਜਵੀਰ ਸਿੰਘ ਆਦਿ।

ਇਸ ਮੌਕੇ ਭਰਾਤਰੀ ਜਥੇਬੰਦੀਆਂ ਵੱਲੋਂ ਪੁੱਜੇ ਵਿਸ਼ੇਸ਼ ਪ੍ਰਤੀਨਿਧੀਆਂ, ਜਿਨ੍ਹਾਂ ਵਿੱਚ ਸ੍ਰੀ ਵੀਰ ਇੰਦਰਜੀਤ ਸਿੰਘ ਪੁਰੀ, ਸ੍ਰੀ ਸਿਮਰਜੀਤ ਸਿੰਘ ਬਰਾੜ,ਸ੍ਰੀ ਗੁਰਤੇਜ ਸਿੰਘ ਖਹਿਰਾ ਅਤੇ ਸ੍ਰੀ ਜਤਿੰਦਰ ਕੁਮਾਰ ਜੀ ਸ਼ਾਮਿਲ ਸਨ, ਜਿਨ੍ਹਾਂ ਜਥੇਬੰਦਕ ਸੰਦੇਸ਼ ਦਿੰਦਿਆਂ ਦੇਸ਼ ਵਿੱਚ ਵੱਧ ਰਹੀਆਂ ਚੁਣੌਤੀਆਂ 'ਤੇ ਚਰਚਾ ਕੀਤੀ। ਉਨ੍ਹਾਂ ਵੱਲੋਂ ਵਧ ਰਹੀ ਫਿਰਕਾਪ੍ਰਸਤੀ, ਵੱਧ ਰਹੀ ਬੇਰੁਜ਼ਗਾਰੀ, ਮਹਿੰਗੀ ਹੋ ਰਹੀ ਸਿੱਖਿਆ, ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ, ਦੂਸ਼ਿਤ ਹੋ ਰਹੇ ਵਾਤਾਵਰਨ, ਵਿਗੜਦੇ ਅਮਨ-ਕਾਨੂੰਨ ਅਤੇ ਦੇਸ਼ ਭਗਤਾਂ ਦੀਆਂ ਯਾਦਗਾਰਾਂ ਨੂੰ ਬਚਾਉਣ ਵਰਗੇ ਅਹਿਮ ਮਸਲਿਆਂ 'ਤੇ ਕਰੜਾ ਸੰਘਰਸ਼ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਭਰਾਤਰੀ ਜਥੇਬੰਦੀਆਂ ਤੋਂ ਸ੍ਰੀ ਸੂਰਤ ਸਿੰਘ ਮਾਹਲਾ, ਸ੍ਰੀ ਅਜੀਤ ਸਿੰਘ ਖਾਲਸਾ, ਸ੍ਰੀ ਅਮੀ ਚੰਦ ਸ੍ਰੀ ਦਲਵਿੰਦਰ ਸਿੰਘ ਮਾਹਲਾ, ਸ੍ਰੀ ਹਰਦੀਪ ਸਿੰਘ ਯੋਇ ਆਦਿ ਸਾਥੀ ਸ਼ਾਮਿਲ ਹੋਏ. ਇਸੇ ਦੌਰਾਨ ਉਨ੍ਹਾਂ ਸਾਰੇ ਸਾਥੀਆਂ ਨੂੰ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੀ ਛੇਵੀਂ ਸੂਬਾਈ ਜਥੇਬੰਦਕ ਕਾਨਫਰੰਸ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਹ ਕਾਨਫਰੰਸ 6 ਅਤੇ 7 ਮਾਰਚ ਨੂੰ ਸ੍ਰੀ ਗੁਰੂ ਰਵਿਦਾਸ ਮੰਦਰ, ਤਲਵਾੜਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਆਯੋਜਿਤ ਕੀਤੀ ਜਾਵੇਗੀ। ਪ੍ਰਤੀਨਿਧੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਕਾਨਫਰੰਸ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਮਸਲਿਆਂ 'ਤੇ ਸਾਂਝੀ ਰਣਨੀਤੀ ਬਣਾਈ ਜਾਵੇ।ਅੰਤ ਵਿੱਚ ਭਰਾਤਰੀ ਜਥੇਬੰਦੀਆਂ ਦੇ ਪ੍ਰਤੀਨਿਧੀਆਂ ਵੱਲੋਂ ਜ਼ਿਲਾ ਫਰੀਦਕੋਟ ਦੀ ਨਵੀਂ ਚੁਣੀ ਗਈ ਟੀਮ ਨੂੰ ਵਧਾਈ ਦਿੰਦਿਆਂ ਆਉਣ ਵਾਲੇ ਸਮੇਂ ਵਿੱਚ ਜਥੇਬੰਦੀ ਦੇ ਹਰ ਐਕਸ਼ਨ ਵਿੱਚ ਪੂਰਨ ਸਹਿਯੋਗ ਦੇਣ ਦਾ ਵਿਸ਼ਵਾਸ ਦਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਨੌਜਵਾਨ ਤੇ ਵਰਕਰ ਮੌਜੂਦ ਹੋਏ।

# ਕਾਮਰੇਡ ਮਾਸਟਰ ਅਜੀਤ ਸਿੰਘ ਦਾ ਨਾਵਲ 'ਪੀਲੇ ਪੱਤੇ' ਲੋਕ ਅਰਪਿਤ



**ਸਾਹਿਤ ਸਭਾ ਸੁਲਤਾਨਪੁਰ ਲੋਧੀ ਵੱਲੋਂ ਨਾਵਲਕਾਰ ਕਾਮਰੇਡ ਮਾਸਟਰ ਅਜੀਤ ਸਿੰਘ ਦਾ ਨਾਵਲ 'ਪੀਲੇ ਪੱਤੇ' ਨੂੰ ਲੋਕ ਅਰਪਿਤ ਕਰਦੇ ਹੋਏ ਇੰਜ ਸਵਰਨ ਸਿੰਘ, ਬੀਬੀ ਗੁਰਪ੍ਰੀਤ ਕੌਰ ਮੈਂਬਰ ਐਸਜੀਪੀਸੀ, ਐਡਵੋਕੇਟ ਰਜਿੰਦਰ ਸਿੰਘ ਰਾਣਾ, ਸਾਹਿਤ ਸਭਾ ਪ੍ਰਧਾਨ ਡਾ ਸਵਰਨ ਸਿੰਘ, ਸ਼ਾਇਰ ਮੁਖਤਾਰ ਸਿੰਘ ਚੰਦੀ ਤੇ ਹੋਰ।**

**ਕਪੂਰਥਲਾ,** )-ਹੱਕ ਸੱਚ ਨਾਲ ਹਮੇਸ਼ਾਂ ਖੜੇ ਰਹਿਣ ਲਈ ਪ੍ਰੇਰਿਤ ਕਰਨ ਵਾਲੇ ਆਪਣੇ ਮਾਤਾ ਸ੍ਰੀਮਤੀ ਸੰਤ ਕੌਰ ਅਤੇ ਪਿਤਾ ਗੁੱਜਰ ਸਿੰਘ ਦੀ ਯਾਦ ਨੂੰ ਸਮਰਪਿਤ ਕਾਮਰੇਡ ਮਾਸਟਰ ਅਜੀਤ ਸਿੰਘ ਦਾ ਨਾਵਲ 'ਪੀਲੇ ਪੱਤੇ' ਨੂੰ ਸਾਹਿਤ ਸਭਾ ਸੁਲਤਾਨਪੁਰ ਲੋਧੀ ਵੱਲੋਂ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਲੋਕ ਅਰਪਿਤ ਕੀਤਾ ਗਿਆ। ਸਮਾਗਮ ਦੌਰਾਨ ਪ੍ਰਧਾਨਗੀ ਮੰਡਲ ਵਿੱਚ ਸ਼ਸ਼ੋਭਿਤ ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਖਾਲਸਾ ਕਾਲਜ, ਸਾਹਿਤ ਸਭਾ ਦੇ ਪ੍ਰਧਾਨ ਡਾਕਟਰ ਸਵਰਨ ਸਿੰਘ, ਐਡਵੋਕੇਟ ਰਜਿੰਦਰ ਸਿੰਘ ਰਾਣਾ, ਡਾਕਟਰ ਪਰਮਜੀਤ ਸਿੰਘ ਮਾਨਸਾ, ਪ੍ਰਿੰਸੀਪਲ ਲਖਬੀਰ ਸਿੰਘ ਸੈਦਪੁਰ , ਬੀਬੀ ਗੁਰਪ੍ਰੀਤ ਕੌਰ ਆਦਿ ਨੇ ਮਾਸਟਰ ਅਜੀਤ ਸਿੰਘ ਨੂੰ ਮੁਬਾਰਕਬਾਦ ਦਿੰਦਿਆਂ ਪੰਜਾਬੀ ਸਾਹਿਤ ਨੂੰ ਸਮਰਪਿਤ ਹੋ ਕੇ ਕੀਤੀ ਜਾ ਰਹੀ ਸੇਵਾ ਨੂੰ ਕਾਬਲੇ ਤਾਰੀਫ ਦੱਸਿਆ। ਉਨ੍ਹਾਂ ਕਿਹਾ ਕਿ ਨਾਵਲ ਲਿਖਣ ਲਈ ਖੁਦ ਨਾਵਲਕਾਰ ਨੂੰ ਪਾਤਰ ਬਣਨਾ ਪੈਂਦਾ ਹੈ। ਉਨ੍ਹਾਂ ਨੇ ਕਿਹਾ ਕਿ ਮਾਸਟਰ ਅਜੀਤ ਸਿੰਘ ਦੇ ਨਾਵਲਾਂ ਵਿਚਲੇ ਪਾਤਰ ਗਰੀਬ ,ਪੇਂਡੂ ਸਭਿਆਚਾਰ ਨਾਲ ਜੁੜੇ ਹੋਏ ਹਨ ਅਤੇ ਪਾਠਕਾਂ ਦੀ ਮਾਨਸਿਕਤਾ ਨੂੰ ਸਮਝਦੇ ਹਨ। ਉਨ੍ਹਾਂ ਕਿਹਾ ਕਿ ਨਾਵਲਾਂ ਦਾ ਹਰ ਕਾਂਡ ਪ੍ਰਭਾਵਸ਼ਾਲੀ ਹੁੰਦਾ ਹੈ ਅਤੇ ਪਾਠਕਾਂ ਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਖੁਦ ਉਹ ਇਸ ਦੇ ਪਾਤਰ ਹੋਣ।ਇਸ ਮੌਕੇ ਮੁੱਖ ਮਹਿਮਾਨ ਦੇ ਤੌਰ ਬੋਲਦਿਆਂ ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਨੇ ਕਿਹਾ ਕਿ ਬੋਧਿਕਤਾ ਵਧਾਉਣ ਲਈ ਕਿਤਾਬਾਂ ਨਾਲ ਜੁੜਨਾ ਸਮੇਂ ਦੀ ਲੋੜ ਵੱਡੀ ਲੋੜ ਹੈ ਪਰ ਨਵੀਂ ਪੀੜ੍ਹੀ ਇਸ ਤੋਂ ਦੂਰ ਹੁੰਦੀ ਜਾ ਰਹੀ ਹੈ ਜੋ ਕਿ ਪੰਜਾਬੀ ਮਾਂ ਬੋਲੀ ਲਈ ਵੱਡਾ ਦੁਖਾਂਤ ਹੈ। ਵਿਦੇਸ਼ਾਂ ਨੂੰ ਜਾਣ ਵਾਲੇ ਬੱਚੇ ਮਾਂ ਬੋਲੀ ਤੋਂ ਦੂਰ ਹੋ ਰਹੇ ਹਨ। ਇਸ ਮੌਕੇ ਸਾਹਿਤ ਸਭਾ ਦੇ ਪ੍ਰਧਾਨ ਡਾਕਟਰ ਸਵਰਨ ਸਿੰਘ ਨੇ ਕਿਹਾ ਕਿ ਸਾਹਿਤ ਸਭਾ ਸੁਲਤਾਨਪੁਰ ਲੋਧੀ ਵੱਲੋਂ ਹਮੇਸ਼ਾਂ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਅਜਿਹੇ ਸਮਾਗਮਾਂ ਦਾ ਆਯੋਜਨ ਸਮੇਂ ਸਮੇਂ ਤੇ ਕੀਤਾ ਜਾਂਦਾ ਹੈ। ਉਹਨਾ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਸਾਹਿਤ ਨਾਲ ਜੋੜਨ ਲਈ ਉਪਰਾਲਾ ਕਰਨਾ ਚਾਹੀਦਾ ਹੈ। ਸਾਹਿਤ ਤੋਂ ਦੂਰ ਹੋਣ ਕਰਕੇ ਬੱਚੇ ਗ਼ਲਤ ਸੰਗਤ ਦਾ ਸ਼ਿਕਾਰ ਹੋ ਰਹੇ ਹਨ। ਉਨਾ ਪੰਜਾਬੀ ਨਾਵਲ ਪੀਲੇ ਪੱਤੇ ਦੇ ਲੇਖਕ ਮਾਸਟਰ ਅਜੀਤ ਸਿੰਘ ਨੂੰ ਇਸ ਨਾਵਲ ਦੀ ਵਧਾਈ ਦਿੱਤੀ। ਇਸ ਮੌਕੇ ਸਮਾਗਮ ਦੀ ਸੰਚਾਲਨਾ ਕਰਦਿਆਂ ਉੱਘੇ ਸ਼ਾਇਰ ਮੁਖਤਾਰ ਸਿੰਘ ਚੰਦੀ ਨੇ ਮਾਸਟਰ ਅਜੀਤ ਸਿੰਘ ਨੂੰ ਰੁਬਰੂ ਕਰਦਿਆਂ ਕਿਹਾ ਕਿ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ 6ਵੀਂ ਕਿਤਾਬ ਪਾ ਚੁੱਕੇ ਹਨ ਅਤੇ ਸਾਹਿਤ ਪ੍ਰਤੀ ਡੂੰਘੀ ਸੋਚ ਰੱਖਦੇ ਹਨ।ਇਸ ਮੌਕੇ ਕਰਵਾਏ ਸਮਾਗਮ ਦੌਰਾਨ, ਸਵਰਨ ਸਿੰਘ ਪ੍ਰਧਾਨ ਸਹਿਜ ਸਭਾ ,ਬਲਵੀਰ ਸ਼ੇਰਪੁਰੀ, ਪ੍ਰਿੰਸੀਪਲ ਲਖਬੀਰ ਸਿੰਘ ,ਮੁਖਤਿਆਰ ਸਿੰਘ ਚੰਦੀ, ਸੁਰਿੰਦਰ ਸਿੰਘ ਖੀਵਾ ਵੱਲੋਂ ਆਪਣੀਆਂ ਰਚਨਾਵਾਂ ਪੇਸ਼ ਕਰਕੇ ਮਾਹੌਲ ਖੁਸ਼ਨੁਮਾ ਕਰ ਦਿੱਤਾ। ਇਸ ਮੌਕੇ ਸਾਹਿਤ ਸਭਾ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਡਾਕਟਰ ਸਵਰਨ ਤੇ ਸਮੂਹ ਅਹੁਦੇਦਾਰਾਂ ਵੱਲੋਂ ਨਾਵਲਕਾਰ ਕਾਮਰੇਡ ਮਾਸਟਰ ਅਜੀਤ ਸਿੰਘ ਅਤੇ ਮੁੱਖ ਮਹਿਮਾਨ ਇੰਜੀਨੀਅਰ ਸਵਰਨ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਨਾਵਲਕਾਰ ਮਾਸਟਰ ਅਜੀਤ ਸਿੰਘ ਨੇ ਸਾਹਿਤ ਸਭਾ ਸੁਲਤਾਨਪੁਰ ਲੋਧੀ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿੱਚ ਵੀ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦੇ ਰਹਿਣਗੇ।ਇਸ ਮੌਕੇ ਇੰਜੀ ਸਵਰਨ ਸਿੰਘ ਪ੍ਰਧਾਨ, ਬੀਬੀ ਗੁਰਪ੍ਰੀਤ ਰੂਹੀ ਮੈਂਬਰ ਐਸਜੀਪੀਸੀ,ਸਵਰਨ ਸਿੰਘ ਪ੍ਰਧਾਨ ਸਾਹਿਤ ਸਭਾ ਸੁਲਤਾਨ-ਪੁਰ ਲੋਧੀ ,ਐਡਵੋਕੇਟ ਰਜਿੰਦਰ ਸਿੰਘ ਰਾਣਾ,ਇੰਜੀ ਪ੍ਰਤਪ ਸਿੰਘ ਮੋਮੀ, ਮੁਨਸ਼ਾ ਸਿੰਘ, ਹਰੀ ਸਿੰਘ ,ਭਜਨ ਸਿੰਘ ਟਿੱਬਾ ,ਪਿੰਸੀਪਲ ਲਖਵਿੰਦਰ ਸਿੰਘ. ਸੁਰਿੰਦਰ ਖੀਵਾ,ਬਲਵੀਰ ਸਿੰਘ ਸ਼ੇਰਪੁਰ ਸਧਾ,ਐਡਵੋਕੇਟ ਸੁੱਲਖਣ ਸਿੰਘ,ਅਜੈ ਸ਼ਰਮਾ,ਪਰਮਜੀਤ ਸਿੰਘ ਮਾਨਸਾ,ਮੁਖਤਿਆਰ ਸਿੰਘ ਚੰਦੀ ਸਕੱਤਰ ਸਾਹਿਤ ਸਭਾ. ਜਗਜੀਤ ਚੋਹਾਨ,ਦਿਆਲ ਸਿੰਘ ਦੀਪੇਵਾਲ, ਬਲਵਿੰਦਰ ਲਾਡੀ ਆਦਿ ਹਾਜ਼ਰ ਸਨ।

# ਪਿੰਡ ਥਾਂਦੀਆਂ ਵਿਖੇ ਸੱਤਵੇਂ ਅੱਖਾਂ ਦੇ ਅਤੇ ਫਰੀ ਮੈਡੀਕਲ ਕੈਂਪ ਦਾ 365 ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ



ਗੁਰਦੁਆਰਾ ਬਾਬਾ ਮੀਹਾਂ ਸਾਧ ਜੀ ਪਿੰਡ ਥਾਂਦੀਆਂ ਵਿਖੇ ਲੱਗੇ ਫਰੀ ਅੱਖਾਂ ਦੇ ਅਤੇ ਫਰੀ ਮੈਡੀਕਲ ਚੈੱਕਅੱਪ ਕੈਂਪ ਦੀ ਤਸਵੀਰ

**ਬੰਗਾ (ਚਰਨਜੀਤ ਸੱਲ੍ਹਾਂ )** ਗੁਰਦੁਆਰਾ ਬਾਬਾ ਮੀਹਾਂ ਸਾਧ ਜੀ ਪਿੰਡ ਥਾਂਦੀਆਂ ਵਿਖੇ ਐਨ ਆਰ ਆਈ ਵੀਰਾਂ, ਸਮੂਹ ਨਗਰ ਨਿਵਾਸੀਆਂ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ-ਕਲੇਰਾਂ ਸਹਿਯੋਗ ਨਾਲ ਸੱਤਵਾਂ ਫਰੀ ਅੱਖਾਂ ਦਾ ਅਤੇ ਜਨਰਲ ਮੈਡੀਕਲ ਚੈੱਕਅੱਪ ਲਗਾਇਆ ਗਿਆ ਜਿਸ ਦਾ ਇਲਾਕੇ ਦੇ 365 ਲੋੜਵੰਦ ਮਰੀਜ਼ਾਂ ਫਰੀ ਚੈੱਕਅੱਪ ਕਰਵਾਕੇ ਲਾਭ ਪ੍ਰਾਪਤ ਕੀਤਾ । ਇਹ ਕੈਂਪ ਮਰੀਜ਼ਾਂ ਦੀ ਚੜ੍ਹਦੀਕਲਾ, ਤੰਦਰੁਸਤੀ ਅਤੇ ਸਰਬੱਤ ਸੰਗਤਾਂ ਦੀ ਭਲਾਈ ਲਈ ਸੰਗਤੀ ਰੂਪ ਵਿੱਚ ਕੀਤੀ ਗਈ ਅਰਦਾਸ ਉਪਰੰਤ ਆਰੰਭ ਹੋਇਆ। ਇਸ ਮੌਕੇ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵੱਲੋਂ ਐਨ.ਆਰ.ਆਈ.ਵੀਰਾਂ, ਨਗਰ ਨਿਵਾਸੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਪਿੰਡਾਂ ਦੇ ਲੋਕਾਂ ਨੂੰ ਫਰੀ ਮੈਡੀਕਲ ਸੇਵਾਵਾਂ ਪ੍ਰਦਾਨ ਕਰਨ ਹਿੱਤ ਹਰ ਸਾਲ ਵੱਡੀ ਗਿਣਤੀ ਵਿਚ ਮੁਫ਼ਤ ਮੈਡੀਕਲ ਕੈਂਪ ਲਗਾਏ ਜਾਂਦੇ ਹਨ। ਉਹਨਾਂ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਿਲਦੀਆਂ ਸਹੂਲਤਾਂ ਬਾਰੇ ਵੀ ਜਾਣਕਾਰੀ ਵੀ ਪ੍ਰਦਾਨ ਕੀਤੀ।

ਕੁਲਵੀਰ ਸਿੰਘ ਥਾਂਦੀ ਕੈਨੇਡਾ ਨੇ ਪਿੰਡ ਥਾਂਦੀਆਂ ਵਿਖੇ ਫਰੀ ਅੱਖਾਂ ਦਾ ਅਤੇ ਫਰੀ ਮੈਡੀਕਲ ਕੈਂਪ ਲਗਾਉਣ ਲਈ ਗੁਰਦੁਆਰਾ ਬਾਬਾ ਮੀਹਾਂ ਸਾਧ ਜੀ ਪ੍ਰਬੰਧਕ ਕਮੇਟੀ, ਸਮੂਹ ਐਨ ਆਰ ਆਈ ਵੀਰਾਂ, ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਦਲਵੀਰ ਸਿੰਘ ਥਾਂਦੀ ਕੈਨੇਡਾ, ਬਾਬਾ ਹਰਮਿੰਦਰ ਸਿੰਘ ਲੱਕੀ ਝੰਡਾ ਜੀ ਵਾਲੇ ਅਤੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦਾ ਕੈਂਪ ਨੂੰ ਸਫਲ ਕਰਨ ਲਈ ਦਿੱਤੇ ਵਿਸ਼ੇਸ਼ ਸਹਿਯੋਗ ਲਈ ਹਾਰਦਿਕ ਧੰਨਵਾਦ ਕੀਤਾ। ਇਸ ਕੈਂਪ ਵਿਚ ਅੱਖਾਂ ਦੀਆਂ ਬਿਮਾਰੀਆਂ ਦੇ ਅਪਰੇਸ਼ਨਾਂ ਦੇ ਮਾਹਿਰ ਡਾ. ਤੁਸ਼ਾਰ ਅਗਰਵਾਲ, ਮੈਡੀਕਲ ਅਫਸਰ ਡਾ. ਕੁਲਦੀਪ ਸਿੰਘ ਅਤੇ ਉਪਟੋਮੀਟਰਸ ਦਲਜੀਤ ਕੌਰ ਨੇ ਕੈਂਪ ਵਿਚ ਆਏ 365 ਤੋਂ ਵੱਧ ਮਰੀਜ਼ਾਂ ਦਾ ਮੁਫ਼ਤ ਚੈੱਕਅੱਪ ਕੀਤਾ। ਇਸ ਮੌਕੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਪ੍ਰਦਾਨ ਕੀਤੀਆਂ ਅਤੇ ਸ਼ੂਗਰ ਟੈਸਟ ਫਰੀ ਕੀਤੇ ਗਏ। ਇਸ ਮੌਕੇ ਅੱਖਾਂ ਦੇ ਅਪਰੇਸ਼ਨਾਂ ਲਈ 37 ਮਰੀਜ਼ ਚੁਣੇ ਗਏ ਜਿਹਨਾਂ ਦੇ ਅਪਰੇਸ਼ਨ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਕੀਤੇ ਗਏ।

ਇਸ ਫਰੀ ਅੱਖਾਂ ਦੇ ਅਤੇ ਫਰੀ ਮੈਡੀਕਲ ਚੈੱਕਅੱਪ ਕੈਂਪ ਵਿਚ ਮਰੀਜ਼ਾਂ ਦੀ ਸੇਵਾ ਸੰਭਾਲ ਲਈ ਜਗਜੀਤ ਸਿੰਘ ਸੋਢੀ ਮੀਤ ਸਕੱਤਰ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ, ਕੁਲਵੀਰ ਸਿੰਘ ਥਾਂਦੀ ਕੈਨੇਡਾ, ਬਾਬਾ ਹਰਮਿੰਦਰ ਸਿੰਘ ਲੱਕੀ ਝੰਡਾ ਜੀ ਵਾਲੇ, ਦਵਿੰਦਰ ਸਿੰਘ ਥਾਂਦੀ ਪ੍ਰਧਾਨ, ਮਾਸਟਰ ਮਦਨ ਲਾਲ, ਸਰਪੰਚ ਬਿੰਦਰ ਦੇਵੀ, ਗੁਰਪ੍ਰੀਤ ਸਿੰਘ, ਸੁੱਖਜਿੰਦਰ ਸਿੰਘ ਅਟਵਾਲ ਕਨੈਡਾ, ਅਜਮੇਰ ਸਿੰਘ ਥਾਂਦੀ ਅਮਰੀਕਾ, ਗੁਰਮੁੱਖ ਸਿੰਘ ਅਟਵਾਲ ਅਤੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ। ਇਸ ਮੌਕੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਕੈਂਪ ਪ੍ਰਬੰਧਕਾਂ ਵੱਲੋਂ ਇਕੱਤਰ ਇਲ-ਾਕਾ ਨਿਵਾਸੀਆਂ ਨੂੰ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਣ ਪ੍ਰਤੀ ਜਾਗਰੁਕ ਕਰਦੇ ਹੋਏ ਇਸ ਮੌਕੇ ਪੌਦੇ ਵੀ ਵੰਡੇ ਗਏ।

# ਅਮਰੀਕਾ ਨੂੰ ਯੂਕੇ ਹਵਾਈ ਅੱਡੇ ਵਰਤਣ ਦੀ ਮਨਜ਼ੂਰੀ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-** ਮੱਧ ਪੂਰਬ ਵਿੱਚ ਵਧ ਰਹੇ ਜੰਗੀ ਤਣਾਅ ਦਰਮਿਆਨ ਬ੍ਰਿਟੇਨ ਨੇ ਅਮਰੀਕਾ ਨੂੰ ਇਰਾਨ ਵਿਰੁੱਧ ਰੱਖਿਆਤਮਕ ਕਾਰਵਾਈ ਲਈ ਆਪਣੇ ਫੌਜੀ ਹਵਾਈ ਅੱਡਿਆਂ ਦੀ ਵਰਤੋਂ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਵੱਲੋਂ ਕੀਤੇ ਗਏ ਐਲਾਨ ਅਨੁਸਾਰ ਇਹ ਮਨਜ਼ੂਰੀ ਸੀਮਿਤ ਅਤੇ ਖਾਸ ਰੱਖਿਆਤਮਕ ਮਕਸਦਾਂ ਲਈ ਦਿੱਤੀ ਗਈ ਹੈ ਤਾਂ ਜੋ ਖਾੜੀ ਖੇਤਰ ਵਿੱਚ ਸਾਥੀ ਦੇਸ਼ਾਂ ਉੱਤੇ ਮੰਡਰਾ ਰਹੇ ਮਿਸਾਈਲ ਖ਼ਤਰੇ ਨੂੰ ਨਾਕਾਮ ਕੀਤਾ ਜਾ ਸਕੇ। ਸਰਕਾਰ ਦੇ ਅਨੁਸਾਰ ਇਰਾਨ ਵੱਲੋਂ ਖੇਤਰ ਵਿੱਚ ਕੀਤੀਆਂ ਜਾ ਰਹੀਆਂ ਹਮਲਾਵਰ ਕਾਰਵਾਈਆਂ ਕਾਰਨ ਸੁਰੱਖਿਆ ਸਥਿਤੀ ਗੰਭੀਰ ਬਣ ਗਈ ਹੈ ਅਤੇ ਉੱਥੇ ਮੌਜੂਦ ਹਜ਼ਾਰਾਂ ਬ੍ਰਿਟਿਸ਼ ਨਾਗਰਿਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਹ ਕਦਮ ਚੁੱਕਿਆ ਗਿਆ ਹੈ। ਵਿਦੇਸ਼ ਮੰਤਰੀ ਇਵੈਟ ਕੂਪਰ ਨੇ ਕਿਹਾ ਕਿ ਬ੍ਰਿਟੇਨ ਸਿੱਧੇ ਤੌਰ ‘ਤੇ ਜੰਗ ਵਿੱਚ ਸ਼ਾਮਲ ਨਹੀਂ ਹੈ ਪਰ ਆਪਣੇ ਸਾਥੀ ਦੇਸ਼ਾਂ ਦੀ ਰੱਖਿਆ ਲਈ ਅੰਤਰਰਾਸ਼ਟਰੀ ਸਹਿਯੋਗ ਦੇ ਤਹਿਤ ਸਹਾਇਤਾ ਕਰ ਰਿਹਾ ਹੈ। ਇਸ ਫੈਸਲੇ ਤੋਂ ਬਾਅਦ ਵਿਰੋਧੀ ਧਿਰਾਂ ਵੱਲੋਂ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ ਅਤੇ ਸੰਸਦ ਵਿੱਚ ਇਸ ਮਾਮਲੇ ‘ਤੇ ਚਰਚਾ ਅਤੇ ਵੋਟਿੰਗ ਦੀ ਮੰਗ ਉੱਠ ਰਹੀ ਹੈ। ਲਿਬਰਲ ਡੈਮੋਕ੍ਰੈਟ ਆਗੂਆਂ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਤਰ੍ਹਾਂ ਦੇ ਫੈਸਲੇ ਬ੍ਰਿਟੇਨ ਨੂੰ ਲੰਬੇ ਮੱਧ ਪੂਰਬੀ ਸੰਘਰਸ਼ ਵਿੱਚ ਖਿੱਚ ਸਕਦੇ ਹਨ। ਇਸੇ ਦੌਰਾਨ ਸਾਇਪ੍ਰਸ ਸਥਿਤ ਬ੍ਰਿਟਿਸ਼ ਆਰਏਐਫ਼ ਅਕਰੋਤੀਰੀ ਬੇਸ ‘ਤੇ ਸੰਦੇਹੀ ਡਰੋਨ ਹਮਲੇ ਤੋਂ ਬਾਅਦ ਸੁਰੱਖਿਆ ਹੋਰ ਸਖ਼ਤ ਕਰ ਦਿੱਤੀ ਗਈ ਹੈ ਅਤੇ ਫੌਜੀ ਪਰਿਵਾਰਾਂ ਨੂੰ ਅਸਥਾਈ ਤੌਰ ‘ਤੇ ਹੋਰ ਥਾਵਾਂ ‘ਤੇ ਭੇਜਿਆ ਜਾ ਰਿਹਾ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਅਮਰੀਕਾ-ਇਰਾਨ ਟਕਰਾਅ ਦੇ ਵਧਣ ਨਾਲ ਵਿਸ਼ਵ ਪੱਧਰ ‘ਤੇ ਤੇਲ ਦੀਆਂ ਕੀਮਤਾਂ, ਆਰਥਿਕ ਹਾਲਾਤ ਅਤੇ ਸੁਰੱਖਿਆ ਸਥਿਤੀ ‘ਤੇ ਡੂੰਘਾ ਅਸਰ ਪੈ ਸਕਦਾ ਹੈ।

# ਡਾਕਟਰ ਅਮ੍ਰਿਤ ਲਾਲ ਫਰਾਲਾ ਲਗਾਤਾਰ 11ਵੀਂ ਵਾਰ ਸਰਬਸੰਮਤੀ ਨਾਲ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਬੰਗਾ ਦੇ ਪ੍ਰਧਾਨ ਚੁਣੇ ਗਏ







**ਬੰਗਾ( ਚਰਨਜੀਤ ਸੱਲ੍ਹਾਂ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਕ ਬੰਗਾ ਦਾ ਆਮ ਅਜਲਾਸ ਬਲਾਕ ਪ੍ਰਧਾਨ ਡਾਕਟਰ ਅਮ੍ਰਿਤ ਲਾਲ ਫਰਾਲਾ ਦੀ ਪ੍ਰਧਾਨਗੀ ਹੇਠ ਹੋਲੀ ਅਤੇ ਹੋਲੇ ਮੁਹੱਲੇ ਦੇ ਤਿਉਹਾਰ ਨੂੰ ਸਮਰਪਿਤ ਕਰਵਾਇਆ ਗਿਆ। ਅਜਲਾਸ ਵਿੱਚ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਵਿਸ਼ੇਸ਼ ਤੌਰ ਤੇ ਮੁੱਖ ਅਬਜਰਵਰ ਤੌਰ ਤੇ ਸ਼ਾਮਲ ਹੋਏ। ਅਜਲਾਸ ਦੀ ਸ਼ੁਰੂਆਤ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ, ਬਲਾਕ ਪ੍ਰਧਾਨ ਡਾਕਟਰ ਅਮ੍ਰਿਤ ਲਾਲ ਫਰਾਲਾ ਅਤੇ ਬਲਾਕ ਕਮੇਟੀ ਵੱਲੋਂ ਐਸੋਸੀਏਸ਼ਨ ਦਾ ਝੰਡਾ ਲਹਿਰਾਉਣ ਨਾਲ ਕੀਤੀ ਗਈ। ਬਲਾਕ ਜਨਰਲ ਸਕੱਤਰ ਡਾਕਟਰ ਗੁਰਮੇਲ ਮਜਾਰੀ ਵਲੋਂ ਬਲਾਕ ਦੀਆਂ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ ਗਈ ਅਤੇ ਬਲਾਕ ਕੈਸ਼ੀਅਰ ਡਾਕਟਰ ਸੀਤਾ ਰਾਮ ਵਲੋਂ ਬਲਾਕ ਦੀ ਲੇਖਾ ਜੋਖਾ ਰਿਪੋਰਟ ਪੇਸ਼ ਕੀਤੀ ਗਈ ਜਿਸ ਨੂੰ ਸਮੂਹ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਉਪਰੰਤ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਦੀ ਦੇਖ ਰੇਖ ਹੇਠ ਬਲਾਕ ਦੀ ਪੁਰਾਣੀ ਕਮੇਟੀ ਭੰਗ ਕਰ ਕੇ ਨਵੀਂ ਕਮੇਟੀ ਚੁਣੀ ਗਈ ਜਿਸ ਵਿੱਚ ਡਾਕਟਰ ਅਮ੍ਰਿਤ ਲਾਲ ਫਰਾਲਾ ਨੂੰ ਉਨ੍ਹਾਂ ਦੀ ਵਧੀਆ ਕਾਰਗੁਜ਼ਾਰੀ ਕਾਰਨ ਲਗਾਤਾਰ 11ਵੀ ਵਾਰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ ਅਤੇ ਇਸੇ ਤਰ੍ਹਾਂ ਸਰਬਸੰਮਤੀ ਨਾਲ ਪੁਰਾਣੀ ਕਮੇਟੀ ਨੂੰ ਬਹਾਲ ਕੀਤਾ ਗਿਆ ਜਿਸ ਵਿੱਚ ਡਾਕਟਰ ਲੇਖਰਾਜ ਸੂੰਢ ਨੂੰ ਬਲਾਕ ਚੇਅਰਮੈਨ, ਡਾਕਟਰ ਗੁਰਮੇਲ ਮਜਾਰੀ ਨੂੰ ਜਨਰਲ ਸਕੱਤਰ, ਡਾਕਟਰ ਸੀਤਾ ਰਾਮ ਨੂੰ ਕੈਸ਼ੀਅਰ, ਡਾਕਟਰ ਚਰਨਜੀਤ ਸੱਲ੍ਹਾ ਅਤੇ ਡਾਕਟਰ ਧਰਮਪਾਲ ਬੱਗਾ ਨੂੰ ਪ੍ਰੈਸ ਸਕੱਤਰ, ਡਾਕਟਰ ਅਨੂੰਪਿੰਦਰ ਸਿੰਘ ਸੂੰਢ ਅਤੇ ਡਾਕਟਰ ਅਮ੍ਰਿਤ ਲਾਲ ਫਰਾਲਾ ਨੂੰ ਜ਼ਿਲ੍ਹਾ ਕਮੇਟੀ ਮੈਂਬਰ ਨਿਯੁਕਤ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਅਤੇ ਬਲਾਕ ਪ੍ਰਧਾਨ ਡਾਕਟਰ ਅਮ੍ਰਿਤ ਲਾਲ ਫਰਾਲਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਅਜਲਾਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਮਸਲੇ ਨੂੰ ਹੱਲ ਕਰਵਾਉਣ ਲਈ ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ਼ ਅਤੇ ਸੂਬਾ ਕਮੇਟੀ ਵੱਲੋਂ ਜੋ ਵੀ ਸੰਘਰਸ਼ ਛੇੜਿਆ ਹੋਇਆ ਹੈ ਉਸ ਵਿੱਚ ਬਲਾਕ ਬੰਗਾ ਦੇ ਸਮੂਹ ਮੈਂਬਰ ਪੂਰੇ ਜੋਸ਼ ਖਰੋਸ਼ ਨਾਲ ਅਤੇ ਤਨ, ਮਨ, ਧਨ ਨਾਲ ਆਪਣਾ ਯੋਗਦਾਨ ਪਾਉਣ। ਇਸ ਸਮੇਂ ਡਾਕਟਰ ਅਸ਼ੋਕ ਗਾਬਾ, ਡਾਕਟਰ ਮੱਖਣ ਲਾਲ, ਡਾਕਟਰ ਧਰਮਪਾਲ ਬੱਗਾ, ਡਾਕਟਰ ਰਤਨ ਸਿੰਘ, ਡਾਕਟਰ ਗੁਰਮੇਲ ਸਿੰਘ, ਡਾਕਟਰ ਸ਼ਿੰਦਰ ਪਾਲ ਹੀਰਾ, ਡਾਕਟਰ ਅਨੂੰਪਿੰਦਰ ਸਿੰਘ ਸੂੰਢ, ਡਾਕਟਰ ਚਰਨਜੀਤ ਸੱਲ੍ਹਾ, ਡਾਕਟਰ ਸੁਧੀਰ ਕੁਮਾਰ, ਡਾਕਟਰ ਕੁਲਵਿੰਦਰ ਸਿੰਘ, ਡਾਕਟਰ ਮਹਿੰਗਾ ਸਿੰਘ, ਡਾਕਟਰ ਬਘੇਲ ਸਿੰਘ, ਡਾਕਟਰ ਜਸਪਾਲ ਕੌਰ, ਡਾਕਟਰ ਸੰਦੀਪ ਕੌਰ, ਡਾਕਟਰ ਹਰਦੀਪ ਸਿੰਘ ਅਤੇ ਬਲਾਕ ਦੇ ਸਮੂਹ ਮੈਂਬਰ ਹਾਜ਼ਰ ਸਨ।

for more news visit:
www.samajweekly.com

# ਡਾ. ਮਨਦੀਪ ਕਮਲ ਨੇ ਸਿਵਲ ਸਰਜਨ ਹੁਸ਼ਿਆਰਪੁਰ ਵਜੋਂ ਸੰਭਾਲਿਆ ਅਹੁਦਾ

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦੇ ਹੁਕਮਾਂ ਅਨੁਸਾਰ ਡਾ. ਮਨਦੀਪ ਕਮਲ ਨੇ ਸਿਵਲ ਸਰਜਨ ਹੁਸ਼ਿਆਰਪੁਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਉਹਨਾਂ ਦੀ ਇਹ ਨਿਯੁਕਤੀ 28 ਫਰਵਰੀ ਨੂੰ ਸਿਵਲ ਸਰਜਨ ਡਾ. ਬਲਬੀਰ ਕੁਮਾਰ ਦੀ ਸੇਵਾਮੁਕਤੀ ਉਪਰੰਤ ਕੀਤੀ ਗਈ ਹੈ। ਦਫ਼ਤਰ ਪਹੁੰਚਣ 'ਤੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਰਣਜੀਤ ਸਿੰਘ, ਸੀਨੀਅਰ ਮੈਡੀਕਲ ਅਫਸਰ ਡਾ. ਸਵੀਤਾ ਰਾਣਾ, ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਨਵਜੋਤ ਸਿੰਘ ਅਤੇ ਡਾ. ਨੇਹਾ ਪਾਲ, ਸੀਨੀਅਰ ਮੈਡੀਕਲ ਅਫਸਰ ਡਾ. ਰੋਹਿਤ ਬਰੂਟਾ ਸਮੇਤ ਸਟਾਫ਼ ਮੈਂਬਰਾਂ ਵੱਲੋਂ ਡਾ. ਮਨਦੀਪ ਕਮਲ ਦਾ ਤਹਿ ਦਿਲੋਂ ਸਵਾਗਤ ਕੀਤਾ ਗਿਆ ਅਤੇ ਉਹਨਾਂ ਨੂੰ ਨਵੀਂ ਜ਼ਿੰਮੇਵਾਰੀ ਸੰਭਾਲਣ 'ਤੇ ਵਧਾਈ ਦਿੱਤੀ ਗਈ। ਜਿਕਰਯੋਗ ਹੈ ਕਿ ਡਾ. ਮਨਦੀਪ ਕਮਲ ਤਬਾਦਲੇ ਤੋਂ ਪਹਿਲਾਂ ਮੈਡੀਕਲ ਸੁਪਰਡੈਂਟ ਵਜੋਂ ਸਿਵਲ ਹਸਪਤਾਲ



ਅੰਮ੍ਰਿਤਸਰ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਹੇ ਸਨ ਅਤੇ ਪ੍ਰਸ਼ਾਸਨਿਕ ਅਤੇ ਕਲੀਨਿਕਲ ਖੇਤਰ ਵਿੱਚ ਉਨ੍ਹਾਂ ਦਾ ਵਿਸ਼ਾਲ ਤਜਰਬਾ ਰਿਹਾ ਹੈ। ਇਸ ਮੌਕੇ ਗੱਲਬਾਤ ਕਰਦਿਆਂ ਡਾ. ਮਨਦੀਪ ਕਮਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਹਨਾਂ ਨੂੰ ਸੌਂਪੀ ਗਈ ਇਸ ਮਹੱਤਵਪੂਰਨ ਜ਼ਿੰਮੇਵਾਰੀ ਨੂੰ ਉਹ ਪੂਰੀ ਨਿਸ਼ਠਾ, ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਉਹਨਾਂ ਨੇ ਸਪਸ਼ਟ ਕੀਤਾ ਕਿ ਆਮ ਲੋਕਾਂ ਲਈ ਸਰਕਾਰੀ ਸਿਹਤ ਸਹੂਲਤਾਂ ਨੂੰ ਹੋਰ ਪਹੁੰਚਯੋਗ, ਮਿਆਰੀ ਅਤੇ ਪ੍ਰਭਾਵਸ਼ਾਲੀ ਬਣਾਉਣਾ ਉਹਨਾਂ ਦੀ ਪਹਿਲੀ ਤਰਜੀਹ ਰਹੇਗੀ। ਉਹਨਾਂ ਨੇ ਕਿਹਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਸਿਹਤ ਪ੍ਰਣਾਲੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ ਅਤੇ ਸਿਹਤ ਸੇਵਾਵਾਂ ਨੂੰ ਹੋਰ ਬੇਹਤਰ ਬਣਾਉਣ ਲਈ ਜਰੂਰੀ ਕਦਮ ਚੁੱਕੇ ਜਾਣਗੇ, ਤਾਂ ਜੋ ਹਰ ਨਾਗਰਿਕ ਨੂੰ ਨੇੜੇ ਹੀ ਮਿਆਰੀ ਅਤੇ ਸਮੇਂ-ਸਿਰ ਸਿਹਤ ਸਹੂਲਤਾਂ ਪ੍ਰਾਪਤ ਹੋ ਸਕਣ। ਡਾ. ਮਨਦੀਪ ਕਮਲ ਨੇ ਸਟਾਫ਼ ਨੂੰ ਅਪੀਲ ਕੀਤੀ ਕਿ ਉਹ ਆਪਸੀ ਸਹਿਯੋਗ, ਨਿਸ਼ਠਾ ਅਤੇ ਟੀਮਵਰਕ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ, ਤਾਂ ਜੋ ਜ਼ਿਲ੍ਹੇ ਦੇ ਲੋਕਾਂ ਨੂੰ ਉੱਤਮ ਅਤੇ ਭਰੋਸੇਯੋਗ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।

**ਫੋਟੋ ਅਜਮੇਰ ਦੀਵਾਨਾ**

# ਬਲਾਚੌਰ ਪੁਲਿਸ ਨੇ ਇਕ ਨਿੱਜੀ ਪੈਲੇਸ ਵਿੱਚ ਵਿਅਕਤੀ ਨੂੰ ਗੋਲੀ ਮਾਰਨ ਵਾਲੇ ਦੋ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ

## ਪੁਲਿਸ ਨੇ ਆਰਮਜ਼ ਐਕਟ ਤੇ ਹੋਰ ਧਰਾਵਾਂ ਤਹਿਤ ਦਰਜ ਕੀਤਾ ਮਾਮਲਾ

**ਬਲਾਚੌਰ (ਜਤਿੰਦਰਪਾਲ ਸਿੰਘ ਕਲੇਰ)-** ਬੇਸ਼ਕ ਮੈਰਿਜ ਪੈਲੇਸਾਂ ਵਿੱਚ ਹਥਿਆਰ ਲੈ ਕੇ ਜਾਣ ਤੇ ਪੂਰਨ ਤੌਰ ਤੇ ਪਾਬੰਦੀ ਲਗਾਈ ਹੋਈ ਹੈ । ਪਰ ਫਿਰ ਵੀ ਆਏ ਦਿਨ ਮੈਰਿਜ ਪੈਲੇਸਾਂ ਵਿੱਚ ਗੋਲੀਬਾਰੀ ਦੀਆਂ ਘਟਨਾਵਾਂ ਆਮ ਹੋ ਰਹੀਆ ਹਨ. । ਬੀਤੀ ਰਾਤ ਬਲਾਚੌਰ ਦੇ ਇਕ ਮੈਰਿਜ ਪੈਲੇਸ ਵਿੱਚ ਵੀ ਦੋਂ ਵਿਆਕਤੀਆਂ ਵਲੋਂ ਥੋੜੀ ਜਿਹੀ ਨੋਕ ਝੋਕ ਤੇ ਹੀ 21 ਸਾਲ ਦੇ ਨੌਜਵਾਨ ਤਰਨਜੀਤ ਸਿੰਘ ਪੁੱਤਰ ਨਰਿੰਦਰਜੀਤ ਸਿੰਘ ਵਾਸੀ ਸੜੋਆ ਥਾਣਾ ਪੋਜੇਵਾਲ ਨੂੰ ਦੋ ਵਿਆਕਤੀਆ ਵੱਲੋਂ ਗੋਲੀ ਮਾਰ ਕੇ ਜਖਮੀ ਕਰ ਦਿੱਤਾ ਜਦੋ ਉਸਨੂੰ ਇਲਾਜ ਦੇ ਲਈ ਹਸਪਤਾਲ ਲਿਆਦਾ ਗਿਆ ਤਾਂ ਡਾਕਟਰ ਨੇ ਉਸਨੂੰ ਮ੍ਰਿਕ ਐਲਾਨ ਦਿੱਤਾ । ਇਸ ਸਬੰਧੀ ਵਿੱਚ ਥਾਣਾ ਬਲਾਚੌਰ ਦੇ ਡੀਐਸਪੀ ਹੇਮੰਤ ਮਲਹੋਤਰਾ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਹੈ ਕਿ ਪੁਲਿਸ ਨੂੰ ਬਲਦੇਵ ਸਿੰਘ ਪੁੱਤਰ ਲੇਟ ਗੁਰ-ਦਾਸ ਰਾਮ ਵਾਸੀ ਸੜੋਆ ਥਾਣਾ ਪੋਜੇਵਾਲ ਜਿਲਾ ਸ਼ਹੀਦ ਭਗਤ ਸਿੰਘ ਨਗਰ ਨੇ ਆਪਣੇ ਬਿਆਨ ਦਰਜ ਕਰਵਾਏ ਹਨ ਕਿ ਉਸਦਾ ਪੋਤਰਾ ਤਰਨਜੀਤ ਸਿੰਘ ਪੁੱਤਰ ਨਰਿੰਦਰਜੀਤ ਸਿੰਘ ਵਾਸੀ ਸੜੋਆ ਥਾਣਾ ਪੋਜੇਵਾਲ ਜੋ ਕਿ ਵਿਆਹ ਵਾਲੀ ਲੜਕੀ ਨੂੰ ਜੈ ਮਾਲਾ ਦੀ ਰਸਮ ਲਈ ਸਟੇਜ ਪਰ ਛੱਡ ਕੇ ਪਾਰਕਿੰਗ ਵਿੱਚ ਖੜੀ ਆਪਣੀ ਕਾਰ ਵਿੱਚੋ ਜਰੂਰੀ ਸਮਾਨ ਲੈਣ ਲਈ ਗਿਆ ਸੀ ਤਾਂ ਨਿੱਜੀ ਪੈਲੇਸ ਦੇ ਦਫਤਰ ਦੇ ਬਾਹਰਲੇ ਪਾਸੇ



**ਮਰਨ ਵਾਲੇ ਨੋਜਵਾਨ ਦੀ ਫਾਈਲ ਫੋਟੋ ਅਤੇ ਡੀ ਐਸ ਪੀ ਹੇਮੰਤ ਮਲਹੋਤਰਾ ਜਾਣਕਾਰੀ ਦਿੰਦੇ ਹੋਏ।**

ਪਾਰਕਿੰਗ ਦੇ ਪਿਛਲੇ ਪਾਸੇ ਵਾਲੇ ਗੇਟ ਕੋਲ ਕਥਿਤ ਆਰੋਪੀ ਹੈਵਨ ਚੌਧਰੀ ਪੁੱਤਰ ਨਰਿੰਦਰ ਵਾਸੀ ਪਿੰਡ ਧੱਕਧਾਣਾ ਥਾਣਾ ਬਲਾਚੌਰ ਜਿਲਾ ਸ਼.ਭ.ਸ.ਨਗਰ ਅਤੇ ਕਥਿਤ ਆਰੋਪੀ ਜਗਦੀਸ਼ ਉਰਫ ਜੋਨੀ ਪੁੱਤਰ ਦਰਸ਼ਨ ਲਾਲ ਵਾਸੀ ਰੁਦਰਪੁਰ ਜਿਲਾ ਊਧਮ ਸਿੰਘ ਨਗਰ, ਉਤਰਾਖੰਡ ਬੈਠੇ ਸੀ ਤਾਂ ਵਕਤ ਕਰੀਬ 05:00 ਵਜੇ ਸ਼ਾਮ ਦਾ ਹੋਵੇਗਾ ਕਿ ਹੈਵਨ ਚੋਧਰੀ ਨੇ ਤਰਨਜੀਤ ਨੂੰ ਅਵਾਜ ਦੇ ਕੇ ਆਪਣੇ ਕੋਲ ਬੁਲਾਰਿਆਂ ਅਤੇ ਇਕਦਮ ਤਹਿਸ਼ ਵਿੱਚ ਆ ਕੇ ਤਰਨਜੀਤ ਸਿੰਘ ਨਾਲ ਗਾਲੀ ਗਲੋਚ ਕਰਨ ਲੱਗ ਪਿਆ ਅਤੇ ਹੈਵਨ ਚੌਧਰੀ ਨੇ ਆਪਣੇ ਡੱਬ ਵਿੱਚੋਂ ਹਥਿਆਰ ਕੱਢ ਕੇ ਤਰਨਜੀਤ ਸਿੰਘ ਤੇ ਫਾਇਰ ਕੀਤਾ ਜੋ ਉਸਦੇ ਪੇਟ ਵਿੱਚ ਲੱਗਾ । ਜਿਸਤੇ ਤਰਨਜੀਤ ਸਿੰਘ ਡਿੱਗ ਗਿਆ। ਜਦ ਉਸ ਨੂੰ ਇਲਾਜ ਲਈ ਨਿਜੀ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਤਰਨਜੀਤ ਸਿੰਘ ਨੂੰ ਮ੍ਰਿਕ ਘੋਸ਼ਿਤ ਕਰ ਦਿੱਤਾ ਪੁਲਿਸ ਨੇ ਹੈਵਨ ਚੌਧਰੀ ਪੁੱਤਰ ਨਰਿੰਦਰ ਵਾਸੀ ਪਿੰਡ ਤੱਕਤਾਣਾ ਥਾਣਾ ਬਲਾਚੌਰ ਜਿਲ੍ਹਾਂ ਸ਼.ਭ.ਸ.ਨਗਰ ਅਤੇ ਜਗਦੀਸ਼ ਉਰਫ ਜੋਨੀ ਪੁੱਤਰ ਦਰਸ਼ਨ ਲਾਲ ਵਾਸੀ ਰੁਦਰਪੁਰ ਜਿਲ੍ਹਾਂ ਊਧਮ ਸਿੰਘ ਨਗਰ, ਉਤਰਾਖੰਡ ਦੇ ਖਿਲਾਫ ਮੁਕੱਦਮਾ ਨੰਬਰ 29 ਮਿਤੀ 01.03.2026 ਅ/ਧ 103(1), 3(5) ਬੀ ਐਨ ਐਸ , 25/27- ਆਰਮਜ਼ ਐਕਟ ਤੇ ਹੋਰ ਧਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਹੈ । ਡੀਐਸਪੀ ਹੇਮੰਤ ਮਲਹੋਤਰਾ ਨੇ ਕਿਹਾ ਕਿ ਪੁਲਿਸ ਨੇ ਹਥਿਆਰਾਂ ਦੇ ਨਾਲ ਨਾਲ ਨੁਮਾਇਸ਼ ਕਰਨ ਵਾਲੇ ਤੇ ਹੇਟ ਸਪੀਚ ਦੇਣ ਵਾਲਿਆ ਤੇ ਹੁਣ ਸ਼ਿਕੰਜਾ ਕੱਸ ਦਿੱਤਾ ਹੈ । ਉਨ੍ਹਾਂ ਕਿਹਾ ਕਿ ਵਿਆਹ ਸ਼ਾਦੀਆ ਤੇ ਹੋਰ ਖੁਸ਼ੀ ਦੇ ਮੌਕਿਆਂ ਤੇ ਹਥਿਆਰ ਲੈ ਕੇ ਜਾਣ ਤੇ ਗੋਲਾਬਾਰੀ ਕਰਨ ਵਾਲੇ ਕਿਸੇ ਵੀ ਵਿਆਕਤੀ ਨੂੰ ਬਖਸ਼ਿਆ ਨਹੀ ਜਾਵੇਗਾ । ਜਦਕਿ ਪੁਲਿਸ ਪ੍ਰਸ਼ਾਸ਼ਨ ਵੱਲੋਂ ਜਨਤਕ ਸਥਾਨਾਂ ਤੋਂ ਲੈਕੇ ਸੋਸ਼ਲ ਮੀਡੀਆ ਅਤੇ ਵਿਆਹ ਸਮਾਗਮ ਤੇ ਖੁਸ਼ੀ ਦੇ ਮੌਕਿਆਂ ਤੇ ਹਥਿਆਰਾਂ ਦੇ ਪ੍ਰਦਰਸ਼ਨ ਤੇ ਪੂਰਨ ਤੌਰ ਤੇ ਪਾਬੰਦੀ ਲਗਾਈ ਹੋਈ ਹੈ ।

# ਮਿਸ਼ਨ ਲਾਈਫ ਪ੍ਰੋਗਰਾਮ ਅਧੀਨ ਜ਼ਿਲ੍ਹਾ ਪੱਧਰੀ ਵਰਕਸ਼ਾਪ ਲਗਾਈ

**ਨਵਾਂ ਸ਼ਹਿਰ (ਮਨੋਰੰਜਨ ਕਾਲੀਆ।** ਭਾਰਤ ਸਰਕਾਰ ਦੇ ਵਾਤਾਵਰਨ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਅਤੇ ਸੈਂਟਰ ਫਾਰ ਸਾਇੰਸ ਨਵੀਂ ਦਿੱਲੀ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਰਾਜ ਦੀ ਨੋਡਲ ਏਜੰਸੀ ਪੰਜਾਬ ਸਟੇਟ ਕੌਂਸਲ ਫੋਰ ਸਾਇੰਸ ਐਂਡ ਟੈਕਨੋਲੋਜੀ ਚੰਡੀਗੜ੍ਹ ਦੇ ਹੁਕਮ ਅਨੁਸਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਵਾਤਾਵਰਨ ਸਿੱਖਿਆ ਅਤੇ ਗਰੀਨ ਸਕੂਲ ਪ੍ਰੋਗਰਾਮ ਤਹਿਤ ਗਤੀਵਿਧੀਆਂ ਕਰਵਾਉਣ ਲਈ ਜਿਲ੍ਹੇ ਦੇ ਈਕੋ ਕਲੱਬ ਇੰਚਾਰਜਾਂ ਦੀ ਮਿਸ਼ਨ ਲਾਈਵ ਤਹਿਤ ਸਕੂਲ ਆਫ ਐਮੀਨਸ ਨਵਾਂ ਸ਼ਹਿਰ ਵਿਖੇ ਵਰਕਸ਼ਾਪ ਲਗਾਈ ਗਈ ਅਤੇ ਵਾਤਾਵਰਣ ਸਬੰਧੀ ਵਿਦਿਆਰਥੀਆਂ ਦੇ ਵੱਖ ਵੱਖ ਮੁਕਾ-ਬਲੇ ਕਰਵਾਏ ਗਏ। ਜ਼ਿਲ੍ਹਾ ਸਿੱਖਿਆ ਅਫਸਰ ਮੈਡਮ ਅਨੀਤਾ ਸ਼ਰਮਾ ਅਤੇ ਉਪ ਜਿਲਾ ਸਿੱਖਿਆ ਅਫਸਰ ਲਖਬੀਰ ਸਿੰਘ ਦੇ ਆਦੇਸ਼ਾ ਅਤੇ ਜ਼ਿਲਾ ਵਾਤਾਵਰਨ ਸਿੱਖਿਆ ਪ੍ਰੋਗਰਾਮ ਦੇ ਕੋਆਰਡੀਨੇਟਰ ਸਤਨਾਮ ਸਿੰਘ ਅਤੇ ਪ੍ਰਿੰਸੀਪਲ ਸਰਬਜੀਤ ਸਿੰਘ ਦੀ ਯੋਗ ਅਗਵਾਈ ਹੇਠ ਸਕੂਲ ਆਫ ਐਮੀਨੈਂਸ ਨਵਾਂ ਸ਼ਹਿਰ ਵਿਖੇ ਜ਼ਿਲੇ ਦੇ 70 ਸਕੂਲਾਂ ਦੀ " ਸਕੂਲਾਂ ਵਿੱਚ ਵਰਮੀ ਕੰਪੋਸਟਿੰਗ ਖਾਦ ਕਿਵੇਂ ਤਿਆਰ ਕਰੀਏ" ਦੇ ਸਿਰਲੇਖ ਹੇਠ ਵਰਕਸ਼ਾਪ ਲਗਾਈ ਗਈ ਜਿਸ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਵਿਸ਼ੇਸ਼ ਤੌਰ ਤੇ ਰਿਸੋਰਸ ਪਰਸਨ ਅਸ਼ੋਕ ਕੁਮਾਰ ਕਾਲੀਆ ਜਿਲਾ ਕੋ ਆਰਡੀਨੇਟਰ ,ਜਗਜੀਤ ਸਿੰਘ ਲੈਕਚਰਰ ਕਮਿਸਟਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਮਾਹੀ ਦੇਵੀ ਅਤੇ ਡਾਕਟਰ ਹਰਦੀਪ ਕੁਮਾਰ ਲੈਕਚਰਰ



ਕਮਿਸਟਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੰਦਵਾਲ ਨੂੰ ਵਿਸ਼ੇਸ਼ ਤੌਰ ਤੇ ਬੁਲਾਇਆ ਗਿਆ। ਰਿਸੋਰਸ ਪਰਸਨ ਦੁਆਰਾ ਸਮੂਹ ਈਕੋ ਕਲੱਬ ਇੰਚਾਰਜ ਨੂੰ ਵਾਤਾਵਰਨ ਸਬੰਧੀ ਗਤੀਵਿਧੀਆਂ ਕਰਵਾਉਣ ਹਿੱਤ ਵਰਮੀ ਕੰਪੋਸਟਿੰਗ ਨੂੰ ਤਿਆਰ ਕਰਨ ਲਈ ਪ੍ਰਯੋਗੀ ਤੌਰ ਤੇ ਵਰਮੀ ਕੰਪੋਸਟਿੰਗ ਨੂੰ ਤਿਆਰ ਕਰਨ ਦੀ ਟਰੇਨਿੰਗ ਦਿੱਤੀ ਗਈ ਜਿਸ ਨੂੰ ਸਮੂਹ ਈਕੋ ਕਲੱਬ ਇੰਚਾਰਜਾਂ ਨੇ ਬਾਖੂਬੀ ਸਿੱਖਿਆ। ਇਸ ਮੌਕੇ ਛੇਵੀਂ ਤੋਂ ਅੱਠਵੀਂ ਅਤੇ ਨੌਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦੇ ਵੱਖ ਵੱਖ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀ ਅਸੀਸ ਕੁਮਾਰ ਸਰਕਾਰੀ ਮਿਡਲ ਸਕੂਲ ਕੰਗਣਾ ਬੇਟ, ਮਨਵੀਰ ਕੌਰ ਸਰਕਾਰੀ ਮਿਡਲ ਸਕੂਲ ਕੰਗ, ਭਾਵਨਾ ਸਰਕਾਰੀ ਮਿਡਲ ਸਕੂਲ ਭੰਗਲ ਖੁਰਦ ਨੇ ਕ੍ਰਮਵਾਰ ਪਹਿਲਾ ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਜਸਕੀਰਤ ਕੌਰ ਸਰਕਾਰੀ ਹਾਈ ਸਕੂਲ ਖਾਨ ਖਾਨਾ ,ਦਾਮਨੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਟੈਂਡਾ ਅਤੇ ਪੂਜਾ ਸਰਕਾਰੀ ਹਾਈ ਸਕੂਲ ਕੌਲਗੜ੍ਹ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਸਰਬਜੀਤ ਸਿੰਘ ਨੇ ਕਿਹਾ ਕਿ ਸਾਨੂੰ ਹਰ ਮੁਸ਼ਕਿਲ ਦਾ ਸਾਹਮਣਾ ਕਰਕੇ ਸਫਲਤਾ ਵੱਲ ਨੂੰ ਵਧਣਾ ਚਾਹੀਦਾ ਹੈ।ਇਸ ਮੌਕੇ ਜਿਲ੍ਹਾ ਸਿੱਖਿਆ ਅਫਸਰ ਮੈਡਮ ਅਨੀਤਾ ਸ਼ਰਮਾ ਨੇ ਕਿਹਾ ਕਿ ਆਉਣ ਵਾਲੀਆਂ ਪੀੜੀਆਂ ਅੱਗੇ ਨੂੰ ਬਚਾਉਣ ਲਈ ਸਾਨੂੰ ਵਾਤਾਵਰਨ ਪ੍ਰਤੀ ਸੁਚੇਤ ਹੋਣਾ ਅਤੀ ਜਰੂਰੀ ਹੈ ਅਤੇ ਵਿਦਿਆਰਥੀ ਉਸ ਸਾਧਨ ਹਨ ਜਿਨਾਂ ਨੂੰ ਜਾਗਰੂਕ ਕਰਕੇ ਅਸੀਂ ਆਪਣੇ ਭਵਿੱਖ ਨੂੰ ਬਚਾ ਸਕਦੇ ਹਾਂ। ਇਸ ਮੌਕੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਗਰੀਨ ਸਕੂਲ ਪ੍ਰੋਗਰਾਮ ਵਿੱਚ ਰਾਸ਼ਟਰੀ ਪੱਧਰ ਤੇ ਚੁਣੇ ਗਏ ਦਸ ਕੂਲ ਸਰਕਾਰੀ ਸੀਨੀਅਰ ਸਕੰਡਰੀ ਸਕੂਲ ਭੱਦੀ ,ਸਰਕਾਰੀ ਹਾਈ ਸਕੂਲ ਕੌਲਗੜ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਹਲੋਂ, ਪੀਐਮ ਸ਼੍ਰੀ ਸਰਕਾਰੀ ਹਾਈ ਸਕੂਲ ਗੁਣਾਚੌਰ ,ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਸਮਾਨਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੰਬਲ ਮਜਾਰਾ ,ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਔੜ, ਸਰਕਾਰੀ ਹਾਈ ਸਕੂਲ ਗੜ੍ਹਪਧਾਨਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਿਆਲਾ, ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂਸਾਪੁਰ ਦੇ ਈਕੋ ਕਲੱਬ ਇੰਚਾਰਜਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਸਵੀਰ ਚੰਦ ,ਸੰਦੀਪ ਕੁਮਾਰ, ਕਮਲਦੀਪ ਸਲਣ, ਮੋਨਿਕਾ ਵਰਮਾ, ਸਰਬਜੀਤ ਸਿੰਘ, ਲਾਲੀ ਜੋਸ਼ੀ ਆਦਿ ਹਾਜ਼ਰ ਸਨ।

# ਆਲ ਇੰਡੀਆ ਬੀ.ਐੱਸ. ਐੱਨ.ਐੱਲ.ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ ਦੀ ਮਹੀਨਾਵਾਰੀ ਮੀਟਿੰਗ ਹੋਈ

**ਸੰਗਰੂਰ ।** ਆਲ ਇੰਡੀਆ ਬੀ ਐਸ ਐਨ ਐਲ ਪੈਨਸ਼ਨਰਜ਼ ਐਸੋਸੀਏਸ਼ਨ ਸੰਗਰੂਰ ਦੀ ਮੀਟਿੰਗ ਗੁਰੂ ਰਵੀਦਾਸ ਜੈਅੰਤੀ, ਵਰਲਡ ਕੈਂਸਰ ਦਿਵਸ, ਵੱਡਾ ਘਲੂਘਾਰਾ ਕੁੱਪ ਰੋਹੀੜਾ, ਵਰਲਡ ਰੇਡੀਓ ਦਿਵਸ, ਮਹਾਂਸ਼ਿਵਰਾਤਰੀ, ਇੰਟਰਨੈਸ਼ਨਲ ਮਾਤ ਭਾਸ਼ਾ ਦਿਵਸ ਅਤੇ ਨੈਸ਼ਨਲ ਸਾਇੰਸ ਦਿਵਸ ਨੂੰ ਸਮਰਪਿਤ ਸਥਾਨਕ ਨੈਣਾ ਦੇਵੀ ਧਰਮਸਾਲਾ ਵਿਖੇ ਹੋਈ ।ਮੀਟਿੰਗ ਦੀ ਸ਼ੁਰੂਆਤ ਬਹੁਤ ਹੀ ਇਮਾਨਦਾਰ ਅਤੇ ਸਮਝਦਾਰ ਲੀਡਰ ਕਾਮ-ਰੇਡ ਹੁਸ਼ਿਆਰ ਸਿੰਘ ਗਰੇਵਾਲ (82) ਨੂੰ 2 ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦੇਕੇ ਕੀਤੀ ਗਈ।ਮੈਡਮ ਵਿਮਲਾ ਦੇਵੀ ਜਿਹੜੇ ਹਾਲੇ ਵੀ ਬਠਿੰਡਾ ਵਿਖੇ ਜੇਰੇ ਇਲਾਜ਼ ਹਨ ਅਤੇ ਹਰਭਜਨ ਸਿੰਘ, ਲਛਮਣ ਸਿੰਘ ਸਮੂਰਾਂ ਅਤੇ ਪ੍ਰਕਾਸ਼ ਚੰਦ ਭੋਜੋਵਾਲੀ ਲੰਬੀ ਬਿਮਾਰੀ ਤੋਂ ਬਾਦ ਠੀਕ ਹੋ ਕੇ ਘਰ ਪਹੁੰਚਣ ਤੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।ਇਸ ਮਹੀਨੇ ਵਿੱਚ ਬਰਨਾਲਾ ਵਿਖੇ ਆਲ ਇੰਡੀਆ ਬੀ.ਐੱਸ.ਐੱਨ.ਐੱਲ ਪੈਨਸ਼ਨਰਜ ਵੈੱਲਫੇਅਰ ਐਸੋਸੀਏਸ਼ਨ ਦੀ ਨਵੀਂ ਬ੍ਰਾਂਚ ਬਣਾਕੇ ਇਸਨੂੰ ਐਸੋਸੀਏਸ਼ਨ ਵਿੱਚ ਮਰਜ ਕਰਨ ਦੀ ਪ੍ਰਵਾਨਗੀ ਮੈਂਬਰਾਂ ਨੇ ਹੱਥ ਖੜੇ ਕਰਕੇ ਦਿੱਤੀ ਗਈ।ਐਸ ਐਸ ਸੰਗਰੂਰ ਵਿੱਚ ਜਿਹੜੇ ਸਾਥੀ ਹਾਲੇ ਤੱਕ ਐਸੋਸੀਏਸ਼ਨ ਦੇ ਮੈਂਬਰ ਨਹੀਂ ਬਣੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਮੈਂਬਰ ਬਣਾਉਣ ਲਈ ਬੇਨਤੀ ਕੀਤੀ ਗਈ। ਜਿਹੜੇ ਸਾਥੀ ਸੀ ਜੀ ਐਚ ਐਸ ਕਾਰਡ ਹੋਲਡਰ ਹਨ ਉਹ ਪੰਜਾਬ ਸਰਕਾਰ ਦਾ 10 ਲੱਖ ਦਾ ਸਿਹਤ ਬੀਮਾ ਯੋਜਨਾ ਵਾਲਾ ਕਾਰਡ ਨਾ ਬਣਵਾਉਣ ਕਿਉਂਕਿ





ਸਹੂਲਤ ਸਿਰਫ਼ ਇੱਕ ਕਾਰਡ ਤੇ ਹੀ ਮਿਲੇਗੀ।ਜੈ ਸਿੰਘ ਅਤੇ ਜੀਵਨ ਪ੍ਰਕਾਸ਼ ਨੂੰ ਨਵੇਂ ਲਾਈਫ ਮੈਂਬਰ ਬਣਨ ਤੇ ਜੀ ਆਇਆਂ ਕਿਹਾ ਅਤੇ ਮੈਡਮ ਰਸਛਪਾਲ ਕੌਰ ਧੂਰੀ ਦਾ ਪਹਿਲੀਵਾਰ ਮੀਟਿੰਗ ਵਿੱਚ ਆਉਣ ਤੇ ਗਿਫ਼ਟ ਦੇਕੇ ਸਵਾਗਤ ਕੀਤਾ ਗਿਆ।ਐਕਸ ਗ੍ਰੇਸੀਆ ਤੇ ਕੱਟੇ ਗਏ ਇਨਕਮ ਟੈਕਸ ਦੇ ਰਿਫੰਡ ਕੇਸ ਇਕੱਠੇ ਹੋਕੇ ਸਾਂਝੇ ਮੁੱਦਿਆਂ ਤੇ ਨਿੱਜੀ ਦੀ ਥਾਂ ਇੱਕ ਪਲੇਟਫਾਰਮ ਤੇ ਲੜਾਈ ਲੜਨੀ ਚਾਹੀਦੀ ਹੈ।ਪੀ ਸੀ ਬਾਘਾ ਸਾਹਿਬ ਨੇ ਪਾਰਸ ਹੌਸਪੀਟਲ ਪੰਚਕੂਲਾ ਦੇ ਡਾਕਟਰਾਂ ਦੁਆਰਾ ਕੀਤੇ ਗਏ ਸਫ਼ਲ ਇਲਾਜ਼ ਦੀ ਪ੍ਰਸੰਸਾ ਕੀਤੀ ਅਤੇ ਉਨ੍ਹਾਂ ਦਾ ਧਨਵਾਦ ਵੀ ਕੀਤਾ। ਕੇਂਦਰ ਸਰਕਾਰ ਵੱਲੋ ਡੀ ਏ ਅਤੇ 9 ਸਾਲ ਤੋਂ ਤੀਜੇ ਪੀ ਆਰ ਸੀ ਹੁਣ ਤੱਕ ਨਾ ਦੇਣ ਦੇ ਰੋਸ ਵਜੋਂ ਮੋਦੀ ਸਰਕਾਰ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ।

ਰਘਵੀਰ ਸਿੰਘ ਪ੍ਰਧਾਨ ਨੇ ਸਾਲ 2026 ਦਾ ਤਰਕਸ਼ੀਲ ਕੈਲੰਡਰ ਲੋਕ ਅਰਪਣ ਕੀਤਾ ਤੇ ਸਭ ਨੂੰ ਵੰਡਿਆ ਗਿਆ।

ਜਿਹੜੇ ਸਾਥੀਆਂ ਦੇ ਫ਼ਰਵਰੀ ਮਹੀਨੇ ਵਿੱਚ ਜਨਮ ਦਿਨ, ਮੈਰਿਜ ਐਨੀਵਰਸਰੀ ਜਾਂ ਬੇਟੇ/ਬੇਟੀਆਂ ਦੀ ਮੈਰਿਜ ਜਾਂ ਘਰ ਵਿੱਚ ਕੋਈ ਹੋਰ ਖੁਸ਼ ਹੋਈ ਹੈ,ਐਸੋਸੀਏਸ਼ਨ ਵੱਲੋਂ ਸਭ ਨੂੰ ਹਾਰ ਪਹਿਨਾ ਕੇ ਅਤੇ ਗਿਫ਼ਟ ਦੇਕੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।ਜਿਨ੍ਹਾਂ ਸਾਥੀਆਂ ਨੇ ਵਿੱਤੀ ਸਹਾਇਤਾ ਦਿੱਤੀ ਹੈ ਐਸੋਸੀਏਸ਼ਨ ਨੇ ਦਿਲੋਂ ਧੰਨਵਾਦ ਕੀਤਾ ਕਿਉਂਕਿ ਇਸ ਮਦਦ ਨਾਲ ਹੀ ਸਾਰਾ ਖਰਚਾ ਕੀਤਾ ਜਾਂਦਾ ਹੈ ਤੇ ਐਸੋਸੀਏਸ਼ਨ ਦੇ ਫੰਡ ਵਿੱਚੋਂ ਇੱਕ ਪੈਸਾ ਵੀ ਨਹੀਂ ਖਰਚਿਆ ਜਾਂਦਾ।ਸਾਰੇ ਪ੍ਰੋਗ੍ਰਾਮ ਦੀ ਰੂਪ ਰੇਖਾ ਦਾ ਖਰੜਾ ਸੁਰਿੰਦਰ ਪਾਲ ਨੇ ਤਿਆਰ ਕੀਤਾ ਹੈ।

ਮੁੱਖ ਬੁਲਾਰੇ ਸ਼ਾਮ ਸੁੰਦਰ ਕੱਕੜ, ਵੀ ਕੇ ਮਿੱਤਲ, ਗੁਰਮੇਲ ਸਿੰਘ ਭੱਟੀ, ਰਘਵੀਰ ਸਿੰਘ ਪ੍ਰਧਾਨ, ਐਸ ਪੀ ਅੱਗਰਵਾਲ ਅਤੇ ਪੀ ਸੀ ਬਾਘਾ ਸਨ।

ਸਟੇਜ ਦੀ ਭੂਮਿਕਾ ਪੀ ਸੀ ਬਾਘਾ ਨੇ ਬਾਖੂਬੀ ਨਿਭਾਈ ।

**ਮਾਸਟਰ ਪਰਮਵੇਦ**
**ਸੰਗਰੂਰ**
**9417422349**

# ਮਿਸ਼ਨ ਲਾਈਫ ਪ੍ਰੋਗਰਾਮ ਅਧੀਨ ਜ਼ਿਲ੍ਹਾ ਪੱਧਰੀ ਵਰਕਸ਼ਾਪ ਲਗਾਈ

**ਨਵਾਂ ਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਭਾਰਤ ਸਰਕਾਰ ਦੇ ਵਾਤਾਵਰਨ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਅਤੇ ਸੈਂਟਰ ਫਾਰ ਸਾਇੰਸ ਨਵੀਂ ਦਿੱਲੀ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਰਾਜ ਦੀ ਨੋਡਲ ਏਜੰਸੀ ਪੰਜਾਬ ਸਟੇਟ ਕੌਂਸਲ ਫੋਰ ਸਾਇੰਸ ਐਂਡ ਟੈਕਨੋਲੋਜੀ ਚੰਡੀਗੜ੍ਹ ਦੇ ਹੁਕਮ ਅਨੁਸਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਵਾਤਾਵਰਨ ਸਿੱਖਿਆ ਅਤੇ ਗਰੀਨ ਸਕੂਲ ਪ੍ਰੋਗਰਾਮ ਤਹਿਤ ਗਤੀਵਿਧੀਆਂ ਕਰਵਾਉਣ ਲਈ ਜਿਲ੍ਹੇ ਦੇ ਈਕੋ ਕਲੱਬ ਇੰਚਾਰਜਾਂ ਦੀ ਮਿਸ਼ਨ ਲਾਈਵ ਤਹਿਤ ਸਕੂਲ ਆਫ ਐਮੀਨਸ ਨਵਾਂ ਸ਼ਹਿਰ ਵਿਖੇ ਵਰਕਸ਼ਾਪ ਲਗਾਈ ਗਈ ਅਤੇ ਵਾਤਾਵਰਣ ਸਬੰਧੀ ਵਿਦਿਆਰਥੀਆਂ ਦੇ ਵੱਖ ਵੱਖ ਮੁਕਾਬਲੇ ਕਰਵਾਏ ਗਏ। ਜ਼ਿਲ੍ਹਾ ਸਿੱਖਿਆ ਅਫਸਰ ਮੈਡਮ ਅਨੀਤਾ ਸ਼ਰਮਾ ਅਤੇ ਉਪ ਜਿਲਾ ਸਿੱਖਿਆ ਅਫਸਰ ਲਖਬੀਰ ਸਿੰਘ ਦੇ ਆਦੇਸ਼ਾ ਅਤੇ ਜ਼ਿਲਾ ਵਾਤਾਵਰਨ ਸਿੱਖਿਆ ਪ੍ਰੋਗਰਾਮ ਦੇ ਕੋਆਰਡੀਨੇਟਰ ਸਤਨਾਮ ਸਿੰਘ ਅਤੇ ਪ੍ਰਿੰਸੀਪਲ ਸਰਬਜੀਤ ਸਿੰਘ ਦੀ ਯੋਗ ਅਗਵਾਈ ਹੇਠ ਸਕੂਲ ਆਫ ਐਮੀਨੈਂਸ ਨਵਾਂ ਸ਼ਹਿਰ ਵਿਖੇ ਜ਼ਿਲੇ ਦੇ 70 ਸਕੂਲਾਂ ਦੀ " ਸਕੂਲਾਂ ਵਿੱਚ ਵਰਮੀ ਕੰਪੋਸਟਿੰਗ ਖਾਦ ਕਿਵੇਂ ਤਿਆਰ ਕਰੀਏ" ਦੇ



ਸਿਰਲੇਖ ਹੇਠ ਵਰਕਸ਼ਾਪ ਲਗਾਈ ਗਈ ਜਿਸ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਵਿਸ਼ੇਸ਼ ਤੌਰ ਤੇ ਰਿਸੋਰਸ ਪਰਸਨ ਅਸ਼ੋਕ ਕੁਮਾਰ ਕਾਲੀਆ ਜਿਲਾ ਕੋਆਰਡੀਨੇਟਰ ,ਜਗਜੀਤ ਸਿੰਘ ਲੈਕਚਰਰ ਕਮਿਸਟਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਮਾਹੀ ਦੇਵੀ ਅਤੇ ਡਾਕਟਰ ਹਰਦੀਪ ਕੁਮਾਰ ਲੈਕਚਰਰ ਕਮਿਸਟਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੰਦਵਾਲ ਨੂੰ ਵਿਸ਼ੇਸ਼ ਤੌਰ ਤੇ ਬੁਲਾਇਆ ਗਿਆ। ਰਿਸੋਰਸ ਪਰਸਨ ਦੁਆਰਾ ਸਮੂਹ ਈਕੋ ਕਲੱਬ ਇੰਚਾਰਜ ਨੂੰ ਵਾਤਾਵਰਨ ਸਬੰਧੀ ਗਤੀਵਿਧੀਆਂ ਕਰਵਾਉਣ ਹਿੱਤ ਵਰਮੀ ਕੰਪੋਸਟਿੰਗ ਨੂੰ ਤਿਆਰ ਕਰਨ ਲਈ ਪ੍ਰਯੋਗੀ ਤੌਰ ਤੇ ਵਰਮੀ ਕੰਪੋਸਟਿੰਗ ਨੂੰ ਤਿਆਰ ਕਰਨ ਦੀ ਟਰੇਨਿੰਗ ਦਿੱਤੀ ਗਈ ਜਿਸ ਨੂੰ ਸਮੂਹ ਈਕੋ ਕਲੱਬ ਇੰਚਾਰਜਾਂ ਨੇ ਬਾਖੂਬੀ ਸਿੱਖਿਆ। ਇਸ ਮੌਕੇ ਛੇਵੀਂ ਤੋਂ ਅੱਠਵੀਂ ਅਤੇ ਨੌਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦੇ ਵੱਖ ਵੱਖ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀ ਅਸੀਸ ਕੁਮਾਰ ਸਰਕਾਰੀ ਮਿਡਲ ਸਕੂਲ ਕੰਗਣਾ ਬੇਟ, ਮਨਵੀਰ ਕੌਰ ਸਰਕਾਰੀ ਮਿਡਲ ਸਕੂਲ ਕੰਗ, ਭਾਵਨਾ ਸਰਕਾਰੀ ਮਿਡਲ ਸਕੂਲ ਭੰਗਲ ਖੁਰਦ ਨੇ ਕ੍ਰਮਵਾਰ ਪਹਿਲਾ ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਜਸਕੀਰਤ ਕੌਰ ਸਰਕਾਰੀ ਹਾਈ ਸਕੂਲ ਖਾਨ ਖਾਨਾ ,ਦਾਮਨੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਟੈਂਡਾ ਅਤੇ ਪੂਜਾ ਸਰਕਾਰੀ ਹਾਈ ਸਕੂਲ ਕੌਲਗੜ੍ਹ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਸਰਬਜੀਤ ਸਿੰਘ ਨੇ ਕਿਹਾ ਕਿ ਸਾਨੂੰ ਹਰ ਮੁਸ਼ਕਿਲ ਦਾ ਸਾਹ-ਮਣਾ ਕਰਕੇ ਸਫਲਤਾ ਵੱਲ ਨੂੰ ਵਧਣਾ ਚਾਹੀਦਾ ਹੈ।ਇਸ ਮੌਕੇ ਜਿਲ੍ਹਾ ਸਿੱਖਿਆ ਅਫਸਰ ਮੈਡਮ ਅਨੀਤਾ ਸ਼ਰਮਾ ਨੇ ਕਿਹਾ ਕਿ ਆਉਣ ਵਾਲੀਆਂ ਪੀੜੀਆਂ ਅੱਗੇ ਨੂੰ ਬਚਾਉਣ ਲਈ ਸਾਨੂੰ ਵਾਤਾਵਰਨ ਪ੍ਰਤੀ ਸੁਚੇਤ ਹੋਣਾ ਅਤੀ ਜਰੂਰੀ ਹੈ ਅਤੇ ਵਿਦਿਆਰਥੀ ਉਸ ਸਾਧਨ ਹਨ ਜਿਨਾਂ ਨੂੰ ਜਾਗਰੂਕ ਕਰਕੇ ਅਸੀਂ ਆਪਣੇ ਭਵਿੱਖ ਨੂੰ ਬਚਾ ਸਕਦੇ ਹਾਂ। ਇਸ ਮੌਕੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਗਰੀਨ ਸਕੂਲ ਪ੍ਰੋਗਰਾਮ ਵਿੱਚ ਰਾਸ਼ਟਰੀ ਪੱਧਰ ਤੇ ਚੁਣੇ ਗਏ ਦਸ ਕੂਲ ਸਰਕਾਰੀ ਸੀਨੀਅਰ ਸਕੰਡਰੀ ਸਕੂਲ ਭੱਦੀ ,ਸਰਕਾਰੀ ਹਾਈ ਸਕੂਲ ਕੌਲਗੜ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਹਲੋਂ, ਪੀਐਮ ਸ਼੍ਰੀ ਸਰਕਾਰੀ ਹਾਈ ਸਕੂਲ ਗੁਣਾਚੌਰ ,ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਸਮਾਨਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੰਬਲ ਮਜਾਰਾ ,ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਔੜ, ਸਰਕਾਰੀ ਹਾਈ ਸਕੂਲ ਗੜ੍ਹਪਧਾਨਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਿਆਲਾ, ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂਸਾਪੁਰ ਦੇ ਈਕੋ ਕਲੱਬ ਇੰਚਾਰਜਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਸਵੀਰ ਚੰਦ ,ਸੰਦੀਪ ਕੁਮਾਰ, ਕਮਲਦੀਪ ਸਲਣ, ਮੋਨਿਕਾ ਵਰਮਾ, ਸਰਬਜੀਤ ਸਿੰਘ, ਲਾਲੀ ਜੋਸ਼ੀ ਆਦਿ ਹਾਜ਼ਰ ਸਨ।

## ਗੁਰਦੁਆਰਾ ਬਾਬਾ ਕਾਲਾ ਮਹਿਰ ਬਰਨਾਲਾ ਵਿਖੇ ਸਾਲਾਨਾ ਜੋੜ ਮੇਲੇ 19 ਮਾਰਚ ਨੂੰ 9 ਮਾਰਚ ਤੋਂ ਸ਼ੁਰੂ ਹੋ ਜਾਣਗੀਆਂ ਸ੍ਰੀ ਅਖੰਡ ਪਾਠ ਸਾਹਿਬ ਦੀਆਂ ਲੜੀਆਂ

**ਬਰਨਾਲਾ (ਚੰਡਿਹੋਕ) :** ਗੁਰਦੁਆਰਾ ਬਾਬਾ ਕਾਲਾ ਮਹਿਰ ਬਰਨਾਲਾ ਵਿਖੇ ਸਾਲਾਨਾ ਜੋੜ ਮੇਲਾ 19 ਮਾਰਚ ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਪ੍ਰਧਾਨ ਸੁਰਜੀਤ ਸਿੰਘ ਸੰਧੂ ਦੀ ਅਗਵਾਈ ਵਿੱਚ ਗੁਰਦੁਆਰਾ ਬਾਬਾ ਕਾਲਾ ਮਹਿਰ ਜੀ ਪ੍ਰਬੰਧਕ ਕਮੇਟੀ ਦੀ ਹੋਈ ਮੀਟਿੰਗ ਉਪਰੰਤ ਜਾਣਕਾਰੀ ਦਿੱਤੀ ਗਈ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੀਆਂ ਲੜੀਆਂ 9 ਮਾਰਚ 2026 ਤੋਂ ਸ਼ੁਰੂ ਹੋਣਗੀਆਂ, ਜੋ 17 ਮਾਰਚ 2026 ਤੱਕ ਚੱਲਣਗੀਆਂ। ਇਸ ਦੌਰਾਨ ਸੰਗਤਾਂ ਵੱਲੋਂ ਸੁੱਖੇ ਗਏ ਜਾਂ ਖੁਸ਼ੀਆਂ ਦੇ ਅਖੰਡ ਪਾਠ ਕਰਵਾਏ ਜਾਣਗੇ। ਅਖੀਰਲਾ ਅਖੰਡ ਪਾਠ 17 ਮਾਰਚ 2026 ਨੂੰ ਗੁਰਦੁਆਰਾ ਬਾਬਾ ਕਾਲਾ ਮਹਿਰ ਜੀ ਪ੍ਰਬੰਧਕੀ ਕਮੇਟੀ ਵੱਲੋਂ ਪ੍ਰਕਾਸ਼ ਕਰਵਾਇਆ ਜਾਵੇਗਾ, ਜਿਸਦੇ ਭੋਗ 19 ਮਾਰਚ 2026 ਨੂੰ ਸਾਲਾਨਾ ਜੋੜ ਮੇਲੇ ਵਾਲੇ ਦਿਨ ਪੈਣਗੇ। ਅਖੰਡ ਪਾਠ ਦੇ ਭੋਗ ਉਪਰੰਤ ਰਾਗੀ ਅਤੇ ਢਾਡੀ ਜਥੇ ਸੰਗਤਾਂ ਨੂੰ ਗੁਰਬਾਣੀ ਅਤੇ ਗੁਰਇਤਿਹਾਸ ਨਾਲ ਜੋੜਨਗੇ। ਇਸ ਦੌਰਾਨ ਗੁਰੂ ਕੇ ਲੰਗਰ ਅਤੁੱਟ ਚਲਦੇ ਰਹਿਣਗੇ। ਮੀਟਿੰਗ ਵਿੱਚ ਗੁਰਦੁਆਰਾ ਬਾਬਾ ਕਾਲਾ ਮਹਿਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਰਜੀਤ ਸਿੰਘ ਸੰਧੂ ਸਮੇਤ ਸਾਬਕਾ ਚੇਅਰਮੈਨ ਰੁਪਿੰਦਰ ਸਿੰਘ ਸੰਧੂ, ਸਾਬਕਾ ਚੇਅਰਮੈਨ ਸੁਖਮਹਿੰਦਰ ਸਿੰਘ ਸੰਧੂ, ਖਜਾਨਚੀ ਦਵਿੰਦਰ ਸਿੰਘ ਸੰਧੂ, ਸਕੱਤਰ ਅਜੀਤਪਾਲ ਸਿੰਘ, ਮੈਂਬਰ ਸੁਖਪਾਲ ਸਿੰਘ, ਨਾਜਰ ਸਿੰਘ, ਸੁਖਦੇਵ ਸਿੰਘ, ਪਰਮਜੀਤ ਸਿੰਘ, ਹਰਦੇਵ ਸਿੰਘ, ਮਹੰਤ ਕੁਲਵੰਤ ਸਿੰਘ ਮੋਠਾ, ਤੇਜਿੰਦਰ ਸਿੰਘ ਸੋਨੀ ਜਾਗਲ, ਹਰਬਖਸ਼ ਸਿੰਘ ਕਾਕਾ ਗਿੱਲ, ਗੁਰਮੇਲ ਸਿੰਘ ਸੰਧੂ, ਸਾਬਕਾ ਪ੍ਰਧਾਨ ਰਣਜੀਤ ਸਿੰਘ ਸੰਧੂ, ਰਾਜਵਿੰਦਰ ਸਿੰਘ ਸੰਧੂ, ਗੁਰਭਿੰਦਦਰ ਸਿੰਘ ਸੰਧੂ, ਗੁਰਮੀਤ ਸਿੰਘ, ਬਖਸ਼ੀਸ਼ ਸਿੰਘ ਸੰਧੂ, ਅਵਤਾਰ ਸਿੰਘ ਹੈਡ ਗ੍ਰੰਥੀ, ਸੋਹਣ ਸਿੰਘ ਅਤੇ ਮਲਕੀਤ ਸਿੰਘ ਆਦਿ ਮੈਂਬਰ ਹਾਜ਼ਰ ਸਨ।



# ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਨਵੇਂ ਚੇਅਰਮੈਨ ਬਣੇ ਡਾ. ਰਾਹੁਲ ਜੱਸੀ



ਨਵੇਂ ਚੇਅਰਮੈਨ ਡਾ. ਰਾਹੁਲ ਜੱਸੀ ਅੰਬੇਡਕਰ ਭਵਨ ਟਰੱਸਟ ਦੇ ਟਰੱਸਟੀਆਂ ਨਾਲ।

**ਜਲੰਧਰ (ਸਮਾਜ ਵੀਕਲੀ)** ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਬੋਰਡ ਆਫ ਟਰੱਸਟੀਜ਼ ਦੀ ਮੀਟਿੰਗ ਚੇਅਰਮੈਨ ਸ੍ਰੀ ਸੋਹਨ ਲਾਲ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ ਨਵੀਂ ਬੌਡੀ ਦੀ ਚੋਣ ਕੀਤੀ ਗਈ ਅਤੇ ਸਾਰੇ ਅਹੁਦੇਦਾਰ ਸਰਬਸੰਮਤੀ ਨਾਲ ਚੁਣੇ ਗਏ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਮਿਸ਼ਨ ਨੂੰ ਸਮਰਪਿਤ ਨੌਜਵਾਨ ਡਾ. ਰਾਹੁਲ ਜੱਸੀ ਨੂੰ ਸਰਬਸੰਮਤੀ ਨਾਲ ਟਰੱਸਟ ਦਾ ਨਵਾਂ ਚੇਅਰਮੈਨ ਚੁਣਿਆ ਗਿਆ। ਡਾ. ਜੀ.ਸੀ. ਕੌਲ ਨੂੰ ਵਾਈਸ ਚੇਅਰਮੈਨ, ਮਹਿੰਦਰ ਪਾਲ ਸੰਧੂ - ਜਨਰਲ ਸੈਕਟਰੀ, ਬਲਦੇਵ ਰਾਜ ਭਾਰਦਵਾਜ - ਫਾਈਨੈਂਸ ਸੈਕਟਰੀ, ਐਡਵੋਕੇਟ ਯੱਗਿਆਦੀਪ - ਜੁਆਇੰਟ ਸੈਕਟਰੀ ਅਤੇ ਹਰਮੇਸ਼ ਜੱਸਲ ਨੂੰ ਆਡੀਟਰ ਸਰਬ ਸੰਮਤੀ ਨਾਲ ਚੁਣਿਆ ਗਿਆ। ਇਹ ਵਰਣਨ ਯੋਗ ਹੈ ਕਿ ਡਾ. ਅੰਬੇਡਕਰ ਮਾਰਗ (ਨਕੋਦਰ ਰੋਡ), ਜਲੰਧਰ ਵਿਖੇ ਸਥਿਤ ਅੰਬੇਡਕਰ ਭਵਨ ਇੱਕ ਇਤਿਹਾਸਿਕ ਸਥਾਨ ਹੈ, ਜਿੱਥੇ ਕਰੋੜਾਂ ਲੋਕਾਂ ਦੇ ਮਸੀਹਾ, ਨਾਰੀ ਜਾਤੀ ਦੇ ਮੁਕਤੀਦਾਤਾ ਅਤੇ ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ 27 ਅਕਤੂਬਰ, 1951 ਨੂੰ ਆਏ ਅਤੇ ਲੱਖਾਂ ਲੋਕਾਂ ਨੂੰ ਸੰਬੋਧਿਤ ਹੋਏ। ਬਾਬਾ ਸਾਹਿਬ ਦੇ ਪੈਰੋਕਾਰ, ਮਹਾਨ ਚਿੰਤਕ, ਮਿਸ਼ਨਰੀ ਲੇਖਕ, ਨਿਡਰ ਬੁਲਾਰੇ ਅਤੇ ਭੀਮ ਪਤ੍ਰਿਕਾ ਦੇ ਸੰਪਾਦਕ ਲਾਹੌਰੀ ਰਾਮ ਬਾਲੀ ਨੇ ਆਪਣੇ ਸਾਥੀ ਕਰਮ ਚੰਦ ਬਾਠ ਦੇ ਸਹਿਯੋਗ ਨਾਲ ਬਾਬਾ ਸਾਹਿਬ ਡਾ. ਅੰਬੇਡਕਰ ਦੀ ਚਰਨ ਛੋਹ ਪ੍ਰਾਪਤ ਇਹ ਭੂਮੀ ਸੰਨ 1963 ਵਿੱਚ ਖਰੀਦੀ ਅਤੇ ਇਸ ਦੀ ਦੇਖ-ਰੇਖ ਕਰਨ ਵਾਸਤੇ 1972 ਵਿੱਚ ਅੰਬੇਡਕਰ ਭਵਨ ਟਰੱਸਟ ਦੇ ਨਾਮ ਵਿੱਚ ਟਰੱਸਟ ਬਣਾ ਕੇ ਆਪਣੇ ਟਰੱਸਟੀ ਸਾਥੀਆਂ ਦੇ ਸਹਿਯੋਗ ਨਾਲ ਇਸ ਤੇ ਆਲੀਸ਼ਾਨ ਅੰਬੇਡਕਰ ਭਵਨ ਬਣਾ ਕੇ ਬਾਬਾ ਸਾਹਿਬ ਦੀ ਵਿਰਾਸਤ ਕਾਇਮ ਕਰ ਦਿੱਤੀ। ਇਹ ਅੰਬੇਡਕਰ ਭਵਨ 1963 ਤੋਂ ਹੀ ਅੰਬੇਡਕਰੀ ਗਤੀਵਿਧੀਆਂ ਅਤੇ ਨਿਰੋਲ ਵਿਚਾਰਧਾਰਾ ਦਾ ਕੇਂਦਰ ਰਿਹਾ ਹੈ। ਪੰਜਾਬ ਵਿੱਚ ਰੀਪਬਲੀਕਨ ਪਾਰਟੀ ਆਫ ਇੰਡੀਆ (ਆਰ.ਪੀ.ਆਈ.) ਦਾ 1964 ਦਾ ਸਰਬ ਭਾਰਤ ਮੋਰਚਾ ਅਤੇ ਜੇਲ੍ਹ-ਭਰੋ ਅੰਦੋਲਨ ਵੀ ਇੱਥੋਂ ਹੀ ਸ਼ੁਰੂ ਹੋਇਆ ਸੀ। ਟਰੱਸਟ ਦੇ ਨਵੇਂ ਬਣੇ ਚੇਅਰਮੈਨ ਡਾ. ਰਾਹੁਲ ਜੱਸੀ ਨੇ ਸਭ ਟਰੱਸਟੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਮੇਰੇ ਲਈ ਮਾਣ ਵਾਲੀ ਗੱਲ ਹੈ ਕਿ ਮੈਨੂੰ ਇੱਕ ਅਜਿਹੀ ਸੰਸਥਾ ਦਾ ਚੇਅਰਮੈਨ ਬਣਾਇਆ ਗਿਆ ਹੈ ਜਿਸ ਵਿੱਚ ਸਾਡੇ ਪੁਰਖੇ ਜਿਵੇਂ ਕਿ ਸ੍ਰੀ ਐਲ.ਆਰ. ਬਾਲੀ ਜੀ ਅਤੇ ਮੇਰੇ ਪਿਤਾ ਸ੍ਰੀ ਰਾਮ ਲਾਲ ਜੱਸੀ ਜੀ ਕੰਮ ਕਰਦੇ ਸਨ। ਉਨ੍ਹਾਂ ਨੇ ਅੱਗੇ ਕਿਹਾ ਕਿ ਆਪ ਸਭ ਨੇ ਜੋ ਮੇਰੇ ਵਿੱਚ ਭਰੋਸਾ ਜਤਾਇਆ ਹੈ, ਉਸ ਨੂੰ ਹਮੇਸ਼ਾ ਬਰਕਰਾਰ ਰੱਖਿਆ ਜਾਵੇਗਾ। ਇਸ ਮੌਕੇ ਸਰਬ ਸ੍ਰੀ ਚਰਨ ਦਾਸ ਸੰਧੂ, ਡਾ. ਸੁਰਿੰਦਰ ਅਜਨਾਤ, ਡਾ. ਰਾਹੁਲ ਕੁਮਾਰ ਬਾਲੀ, ਡਾ. ਤਰਸੇਮ ਸਾਗਰ ਅਤੇ ਕਮਲਸ਼ੀਲ ਬਾਲੀ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।

**ਬਲਦੇਵ ਰਾਜ ਭਾਰਦਵਾਜ**
**ਵਿੱਤ ਸਕੱਤਰ**
**ਅੰਬੇਡਕਰ ਭਵਨ ਟਰੱਸਟ**
**(ਰਜਿ.), ਜਲੰਧਰ।**

# ਏਅਰ ਐਂਬੂਲੈਂਸ ਲਈ ਪੰਜਾਬ ਗਰੁੱਪ ਵੱਲੋਂ ਚੈਰਿਟੀ ਸਮਾਗਮ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)–** ਲੈਸਟਰ ਵਿਖੇ ਪੰਜਾਬੀ ਭਾਈਚਾਰੇ ਦੀਆਂ ਸਰਗਰਮ ਮਹਿਲਾਵਾਂ ਵੱਲੋਂ ਸਮਾਜ ਸੇਵਾ ਦੀ ਸ਼ਾਨਦਾਰ ਮਿਸਾਲ ਪੇਸ਼ ਕਰਦਿਆਂ ਏਅਰ ਐਂਬੂਲੈਂਸ ਸੇਵਾ ਲਈ ਚੈਰਿਟੀ ਫੰਡ ਇਕੱਠਾ ਕੀਤਾ ਗਿਆ। ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਪੰਜਾਬ ਗਰੁੱਪ ਦੀਆਂ ਪ੍ਰਬੰਧਕਾ ਗੁਰਦੀਪ ਕੌਰ ਅਤੇ ਰਸਪਿੰਦਰ ਕੌਰ ਵੱਲੋਂ ਸਾਂਝੇ ਤੌਰ 'ਤੇ ਇਹ ਉਪਰਾਲਾ ਕੀਤਾ ਗਿਆ, ਜਿਸ ਅਧੀਨ ਇਕ ਵਿਸਾਲ ਚੈਰਿਟੀ ਸਮਾਗਮ ਆਯੋਜਿਤ ਕਰਕੇ ਇਕੱਠੀ ਕੀਤੀ ਗਈ ਰਕਮ ਓਡਬੀ ਵਿੰਗਸਟਨ ਦੇ ਪੰਜਾਬੀ ਮੇਅਰ ਜਸਵੀਰ ਕੌਰ ਚੋਹਾਨ ਨੂੰ ਭੇਟ ਕੀਤੀ ਗਈ।

ਸਮਾਗਮ ਦੌਰਾਨ ਪੰਜਾਬੀ ਭਾਈਚਾਰੇ ਦੀਆਂ ਮਹਿਲਾਵਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਸਮਾਜ ਭਲਾਈ ਲਈ ਖੁੱਲ੍ਹ ਕੇ ਯੋਗਦਾਨ ਪਾਇਆ। ਸਮਾਗਮ ਦਾ ਮਕਸਦ ਮਨੁੱਖਤਾ ਦੀ ਸੇਵਾ ਅਤੇ ਐਮਰਜੈਂਸੀ ਸਥਿਤੀਆਂ ਵਿੱਚ ਜ਼ਿੰਦਗੀਆਂ ਬਚਾਉਣ ਵਾਲੀ ਏਅਰ ਐਂਬੂਲੈਂਸ ਸੇਵਾ ਨੂੰ ਮਜ਼ਬੂਤ ਕਰਨਾ ਸੀ। ਹਾਜ਼ਰ ਸੰਗਤ ਵੱਲੋਂ ਚੈਰਿਟੀ ਲਈ ਖੁੱਲ੍ਹ ਦਿਲੀ ਨਾਲ ਫੰਡ ਭੇਟ ਕਰਕੇ ਸੇਵਾ ਭਾਵਨਾ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਗੁਰਦੀਪ ਕੌਰ ਅਤੇ ਰਸਪਿੰਦਰ ਕੌਰ ਨੇ ਕਿਹਾ ਕਿ ਪੰਜਾਬੀ ਭਾਈਚਾਰਾ ਹਮੇਸ਼ਾਂ ਹੀ ਮਨੁੱਖਤਾ ਦੀ ਸੇਵਾ ਲਈ ਅੱਗੇ ਆਉਂਦਾ ਰਿਹਾ ਹੈ ਅਤੇ ਅਜਿਹੇ ਉਪਰਾਲੇ ਸਮਾਜ ਵਿੱਚ ਇਕਤਾ ਅਤੇ ਸਹਿਯੋਗ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ। ਉਨ੍ਹਾਂ ਕਿਹਾ ਕਿ ਏਅਰ ਐਂਬੂਲੈਂਸ ਵਰਗੀਆਂ ਸੇਵਾਵਾਂ ਐਮਰਜੈਂਸੀ ਹਾਲਾਤਾਂ ਵਿੱਚ ਅਨਮੋਲ ਸਾਬਤ ਹੁੰਦੀਆਂ ਹਨ, ਇਸ ਲਈ ਭਾਈਚਾਰੇ ਵੱਲੋਂ ਇਸ ਕਾਰਜ ਲਈ ਸਹਿਯੋਗ ਦੇਣਾ ਮਾਣ ਦੀ ਗੱਲ ਹੈ।



**ਏਅਰ ਐਂਬੂਲੈਂਸ ਲਈ ਚੈਰਿਟੀ ਇਕੱਤਰ ਕਰਕੇ ਓਡਬੀ ਵਿੰਗਸਟਨ ਦੇ ਪੰਜਾਬੀ ਮਹਿਲਾਂ ਮੇਅਰ ਜਸਵੀਰ ਕੌਰ ਚੌਹਾਨ ਨੂੰ ਸੌਂਪਦੀਆ ਹੋਈਆਂ ਪੰਜਾਬ ਗਰੁੱਪ ਦੀਆਂ ਪ੍ਰਬੰਧਕਾ1 ਤਸਵੀਰ:– ਸੁਖਜਿੰਦਰ ਸਿੰਘ ਢੱਡੇ**

ਓਡਬੀ ਵਿੰਗਸਟਨ ਦੀ ਮੇਅਰ ਜਸਵੀਰ ਕੌਰ ਚੋਹਾਨ ਨੇ ਪੰਜਾਬ ਗਰੁੱਪ ਦੀਆਂ ਪ੍ਰਬੰਧਕਾਂ ਅਤੇ ਸਮੂਹ ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਚੈਰਿਟੀ ਉਪਰਾਲੇ ਸਮਾਜਕ ਜ਼ਿੰਮੇਵਾਰੀ ਦੀ ਸ਼ਾਨਦਾਰ ਉਦਾਹਰਨ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਭਾਈਚਾਰਾ ਨਾ ਸਿਰਫ ਆਪਣੀ ਸੰਸਕ੍ਰਿਤੀ ਨਾਲ ਜੁੜਿਆ ਹੋਇਆ ਹੈ ਬਲਕਿ ਲੋਕ ਭਲਾਈ ਦੇ ਕੰਮਾਂ ਵਿੱਚ ਵੀ ਅਹਿਮ ਭੂਮਿਕਾ ਨਿਭਾ ਰਿਹਾ ਹੈ।ਚੈਰਿਟੀ ਸਮਾਗਮ ਦੌਰਾਨ ਵੱਖ-ਵੱਖ ਮੁਟਿਆਰਾਂ ਵੱਲੋਂ ਰੰਗਾਰੰਗ ਸੱਭਿਆਚਾਰਕ ਵਨਗੀਆਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਪੰਜਾਬੀ ਗਿੱਧਾ, ਲੋਕ ਨਾਚ ਅਤੇ ਸੱਭਿਆਚਾਰਕ ਪ੍ਰਸਤੁਤੀਆਂ ਨੇ ਸਮਾਗਮ ਨੂੰ ਖ਼ਾਸ ਰੰਗਤ ਬਖ਼ਸ਼ੀ। ਹਾਜ਼ਰ ਦਰਸ਼ਕਾਂ ਨੇ ਕਲਾਕਾਰਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਖ਼ੂਬ ਤਾਲੀਆਂ ਵਜਾਈਆਂ।ਸਮਾਗਮ ਦੌਰਾਨ ਭਾਈਚਾਰੇ ਦੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ, ਸਮਾਜ ਸੇਵੀ ਆਗੂਆਂ ਅਤੇ ਮਹਿਲਾ ਸੰਗਠਨਾਂ ਦੇ ਨੁਮਾਇੰਦਿਆਂ ਨੇ ਵੀ ਹਾਜ਼ਰੀ ਭਰੀ ਅਤੇ ਚੈਰਿਟੀ ਮੁਹਿੰਮ ਦੀ ਸ਼ਲਾਘਾ ਕੀਤੀ। ਆਖ਼ਰ ਵਿੱਚ ਪ੍ਰਬੰਧਕਾਂ ਵੱਲੋਂ ਸਮਾਗਮ ਨੂੰ ਸਫਲ ਬਣਾਉਣ ਲਈ ਸਾਰੇ ਸਹਿਯੋਗੀਆਂ ਅਤੇ ਭਾਗੀਦਾਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

## ਅਮਰੀਕਾ ਤੇ ਈਰਾਨ 'ਚ ਯੁੱਧ ਦੇ ਕਾਰਨ ਇਕ ਘੰਟੇ ਵਿੱਚ ਵੱਧ ਗਿਆ1500 ਰੁ ਟਨ ਲੋਹੇ ਦਾ ਰੇਟ, ਪੈਟਰੋਲ ਦੀਆ ਕੀਮਤਾ ਦੇ ਵਾਧੇ ਦੇ ਸੰਕੇਤ

**ਨਵਾਂਸ਼ਹਿਰ (ਮਨੋਰੰਜਨ ਕਾਲੀਆ )–** ਅਮਰੀਕਾ -ਇਜਰਾਈਲ ਤੇ ਈਰਾਨ ਦੇ ਵਿੱਚ ਯੁੱਧ ਦਾ ਅਸਰ ਹੁਣ ਬਾਜਾਰ ਵਿੱਚ ਵੀ ਦਿਖਣਾ ਸ਼ੁਰੂ ਹੋ ਗਿਆ ਹੈ । ਲੋਹੇ ਤੇ ਸਟੀਲ ਬਾਜਾਰ ਵਿੱਚ ਅਚਾਨਕ ਇਕਦਮ ਤੇਜੀ ਆ ਗਈ ਹੈ । ਕਾਰੋਬਾਰੀਆ ਦਾ ਕਹਿਣਾ ਹੈ ਕਿ ਇਕ ਘੰਟੇ ਦੇ ਅੰਦਰ ਹੀ ਲੋਹੇ ਦੀ ਕੀਮਤ 1500 ਰੁ ਟਨ ਵੱਧ ਗਈ ਹੈ । ਜਿਸ ਕਾਰਨ ਨਿਰਮਾਣ ਅਤੇ ਇੰਨਜੀਨਰਿੰਗ ਉਦਯੋਗ ਦੇ ਦਬਾਅ ਵੱਧ ਗਿਆ ਹੈ । ਕਾਰੋਬਾਰੀ ਬਿਕ੍ਰਮ ਪਾਹਵਾ ਦਾ ਕਹਿਣਾ ਹੈ ਕਿ ਜੇ ਲੜਾਈ ਜਲਦ ਮੁੱਕ ਜਾਦੀ ਹੈ ਤਾਂ ਇਸਦਾ ਅਸਰ ਸੀਮਿਤ ਰਹੇਗਾ । ਲੇਕਿਨ ਜੇ ਲੰਬੇ ਸਮੇਂ ਤੱਕ ਚੱਲਦੀ ਹੈ ਤਾ ਮਹਿੰਗਾਈ ਵਿੱਚ ਕਾਫੀ ਵਾਧਾ ਹੋਵੇਗਾ । ਜੇ ਸਮੁੰਦਰੀ ਮਾਰਗਾ ਤੇ ਖਤਰਾ ਵੱਧਦਾ ਹੈ ਜਾ ਲਾਲ ਸਾਗਰ ਜਿਹੇ ਰੂਟ ਪ੍ਰਭਾਵਿਤ ਹੁੰਦੇ ਹਨ ਤਾਂ ਯੂਰਪ ਭੇਜਿਆ ਜਾਣ ਵਾਲਾ ਭਾਰਤ ਦਾ ਮਾਲ ਸਮੇਂ ਸਿਰ ਨਹੀ ਪਹੁੰਚ ਪਾਵੇਗਾ । ਇਸ ਨਾਲ ਵਿਦੇਸ਼ੀ ਖਰੀਦਦਾਰਾ ਦੇ ਆਡਰ ਰੁੱਕ ਸਕਦੇ ਹਨ । ਉਨਾ ਦੱਸਿਆ ਕਿ ਪੰਜਾਬ ਦਾ ਜਿਆਦਾਤਰ ਨਿਰਯਾਤ ਹੋਣ ਵਾਲਾ ਮਾਲ ਦੁਬਈ ਦੇ ਰਾਸਤੇ ਵਿਦੇਸ਼ ਵਿੱਚ ਜਾਦਾ ਹੈ । ਲੇਕਿਨ ਮੌਜੂਦਾ ਹਾਲਾਤਾ ਕਾਰਨ ਸ਼ਿਪਿੰਗ ਰੂਟ ਬਹੁਤ ਪ੍ਰਭਾਵਿਤ ਹੋਏ ਹਨ । ਹੁਣ ਮਾਲ ਭੇਜਣ ਲਈ ਲੰਬਾ ਰਾਸਤਾ ਤੈਅ ਕਰਨਾ ਹੋਵੇਗਾ । ਜਿਸ ਨਾਲ ਮਾਲਭਾੜਾ ਵੀ ਵਧੇਗਾ । ਉਨਾ ਕਿਹਾ ਕਿ ਆਉਣ ਵਾਲੇ ਦੋ ਤਿੰਨ ਦਿਨਾ ਵਿੱਚ ਹਾਲਾਤ ਠੀਕ ਨਹੀ ਹੋਏ ਤਾਂ ਇੰਜੀਨੀਰਿੰਗ ਇੰਡਸਟਰੀ ਤੇ ਅਸਰ ਦਿਖਣਾ ਸ਼ੁਰੂ ਹੋ ਜਾਵੇਗਾ । ਪੰਜਾਬ ਤੋ ਈਰਾਨ ਸਹਿਤ ਕਈ ਦੇਸ਼ਾ ਨੂੰ ਮਸ਼ੀਨਰੀ ਅਤੇ ਆਟੋਪਾਟ੍ਰਸ ਜਾਦੇ ਹਨ । ਇਨਾ ਹਾਲਾਤ ਵਿੱਚ ਪਲਾਸਟਿਕ ਤੇ ਮਨਫੂਕਚਰੀ ਸੈਕਟਰ ਵਿੱਚ ਲਾਗਤ ਵੱਧ ਸਕਦੀ ਹੈ । ਇਨਾ ਦੇਸ਼ਾ ਦੀ ਲੜਾਈ ਨਾਲ ਤੇਲ ਸਪਲਾਈ ਰੁੱਕ ਸਕਦੀ ਹੈ । ਜਿਸ ਨਾਲ ਕੱਚੇ ਤੇਲ ਦੀਆ ਅੰਤਰਾਸ਼ਟਰੀ ਕੀਮਤਾ ਵਿੱਚ ਭਾਰੀ ਉਛਾਲ ਆ ਸਕਦਾ ਹੈ । ਭਾਰਤ ਆਪਣਾ 85 ਪ੍ਰਤੀਸ਼ਤ ਕੱਚਾ ਤੇਲ ਵਿਦੇਸ਼ਾ ਤੋ ਮੰਗਵਾਉਦਾ ਹੈ । ਅਜਿਹੇ ਵਿੱਚ ਤੇਲ ਮਹਿੰਗਾ ਹੋਣ ਨਾਲ ਉਤਪਾਦਨ , ਪਰਿਵਾਹਨ ਅਤੇ ਨਿਰਯਾਤ ਲਾਗਤ ਦਾ ਵੱਧਣਾ ਤੈਅ ਮੰਨਿਆ ਜਾ ਰਿਹਾ ਹੈ । ਜੇਕਰ ਯੁੱਧ ਜਾਰੀ ਰਿਹਾ ਤਾਂ ਪੈਟਰੋਲ ਦੀ ਕਮੀ ਦੀ ਸਥਿਤੀ ਬਣ ਸਕਦੀ ਹੈ । ਆਉਣ ਵਾਲੇ ਦਿਨਾ ਵਿੱਚ ਪੈਟਰੋਲ ਦੇ ਰੇਟ ਚਾਰ ਰੁ ਪ੍ਰਤੀ ਲੀਟਰ ਤੱਕ ਵੱਧਣ ਦੀ ਸੰਭਾਵਨਾ ਹੈ । ਇਸ ਦਾ ਅਸਰ ਖੇਤੀਬਾੜੀ ਸੈਕਟਰ ਦੇ ਵੀ ਪੈ ਸਕਦਾ ਹੈ । ਕਿਉਕਿ ਪੰਜਾਬ ਵਿੱਚ ਵੱਡੀ ਮਾਤਰਾ ਵਿੱਚ ਚਾਵਲ ਈਰਾਨ ਭੇਜੇ ਜਾਦੇ ਹਨ ।

# ਕੋਲੇ ਅਤੇ ਮਿੱਟੀ ਦੇ ਭਾਅ ਚੜ੍ਹੇ ਅਸਮਾਨੀ ਭੱਠਾ ਮਾਲਕਾਂ ਤੇ ਗਾਹਕਾਂ ਦਾ ਨਿਕਲਿਆ ਧੂੰਆਂ

**●ਇੱਟਾਂ ਦੇ ਭਾਅ ਵੱਧਣ ਕਾਰਨ ਨਿਰਮਾਣ ਕਾਰਜਾਂ ਤੇ ਪੈ ਸਕਦਾ ਹੈ ਵੱਡਾ ਅਸਰ ●ਇੱਟਾਂ ਦੇ ਵਧੇ ਭਾਅ ਨੇ ਆਮ ਇਨਸਾਨ ਦਾ ਮਕਾਨ ਬਣਾਉਣ ਦਾ ਸੁਪਨਾ ਕੀਤਾ ਚਕਨਾਚੂਰ**

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਜੇਕਰ ਪੰਜਾਬ ਦੇ ਭੱਠੀਆਂ ਗੱਲ ਕਰੀਏ ਤਾਂ ਪਹਿਲਾਂ ਹੀ ਮਜ਼ਦੂਰੀ, ਮਿੱਟੀ ਦੇ ਵਧੇ ਰੇਟਾਂ ਅਤੇ ਸਖ਼ਤ ਨਿਯਮਾਂ ਕਾਰਨ ਭੱਠਾ ਉਦਯੋਗ, ਭੱਠਾ ਮਾਲਕਾਂ ਅਤੇ ਗਾਹਕਾਂ ਲਈ ਬੋਝ ਬਣਿਆ ਹੋਇਆ ਹੈ, ਉਥੇ ਪਿਛਲੇ ਕੁਝ ਮਹੀਨਿਆਂ 'ਚ ਬੇਤਹਾਸ਼ਾ ਕੋਲੇ ਦੇ ਵਧੇ ਰੇਟਾਂ ਨੇ ਭੱਠਾ ਮਾਲਕਾਂ ਦਾ ਧੂੰਆ ਕੱਢ ਰੱਖ ਦਿੱਤਾ ਹੈ। ਭੱਠਾ ਮਾਲਕਾਂ ਦੇ ਬਣੇ ਸਮੂਹਿਕ ਦਬਾਅ ਕਾਰਨ ਇੱਟਾਂ ਭਾਅ ਲਗਾਤਾਰ ਵੱਧਣ ਕਾਰਨ ਆਮ ਨਾਗਰਿਕ ਦਾ ਘਰ ਬਣਾਉਣ ਦਾ ਸੁਪਨਾ ਹੋ ਰਿਹਾ ਹੈ ਚਕਨਾਚੂਰ ਉੱਥੇ ਹੀ ਜੇ ਗੱਲ ਕਰੀਏ ਸਰਕਾਰੀ ਅਤੇ ਗੈਰ ਸਰਕਾਰੀ ਅਤੇ ਵਪਾਰਕ ਕੰਮਾਂ ਦੀ ਜਿਸ ਹਿਸਾਬ ਨਾਲ ਰੇਟ ਇੱਟਾਂ ਦੇ ਰੇਟ ਵੱਧ ਰਹੇ ਹਨ ਉਹਨਾਂ ਨੂੰ ਵੀ ਗ੍ਰਹਿ ਲੱਗ ਗਿਆ ਹੈ।ਜੇਕਰ ਕੋਲੇ ਦੇ ਰੇਟ ਦੀ ਗੱਲ ਕਰੀਏ ਤਾ ਪਿਛਲੇ ਸਾਲ ਜਿਹੜੇ ਕੋਲੇ ਦੇ ਰੇਟ ਲਗਭਗ 9700 ਪ੍ਰਤੀ ਟਨ ਦੇ ਕਰੀਬ ਸਨ, ਉਹ ਕੁਝ ਹੀ ਦਿਨਾਂ ਵਿੱਚ 10,300 ਦੇ ਕਰੀਬ ਹੋ ਗਿਆ ਹੈ ਅਤੇ ਜੇ ਅੱਜ ਦੀ ਗੱਲ ਕਰੀਏ ਤਾਂ ਇਹ ਕੋਲੇ ਰੇਟ 15 - 20 ਦਿਨਾਂ 'ਚ ਇਹ ਰੇਟ ਵਧ ਕੇ 16,300 ਰੁਪਏ ਹੋ ਗਿਆ ਹੈ। ਜਿਸ ਹਿਸਾਬ ਨਾਲ ਕੋਲੇ ਦੇ ਰੇਟ ਵੱਧ ਰਹੇ ਹਨ ਉਸ ਹਿਸਾਬ ਨਾਲ ਇਹ ਰੇਟ ਹੋ ਵੀ ਵੱਧ ਸਕਦੇ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਨਾ ਤਾਂ ਦਰਾਮਦ ਰੇਟ 'ਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ, ਨਾ ਹੀ ਸ਼ਿਪਮੈਂਟ ਕਿਰਾਏ ਜਾਂ ਡਾਲਰ ਰੇਟ 'ਚ ਕੋਈ ਅਸਧਾਰਨ ਉਛਾਲ ਆਇਆ ਹੈ। ਫਿਰ ਵੀ ਦੇਸ਼ ਦੇ ਅੰਦਰ ਕੋਲੇ ਦੀ ਕੀਮਤ 'ਚ ਹੋਇਆ ਗੈਰ-ਵਾਧਾ ਗੰਭੀਰ ਸੰਕਟ ਦਾ ਰੂਪ ਧਾਰਨ ਗਿਆ ਹੈ

*ਜਦੋਂ ਇਸ ਸਬੰਧੀ ਭੱਠਾ ਮਾਲਕਾ ਨਾਲ ਗੱਲਬਾਤ ਕੀਤੀ ਉਹਨਾਂ ਨੇ ਕਿਹਾ* ਕਿ ਪਿਛਲੇ ਸਾਲ ਇੱਟਾਂ ਦੇ ਰੇਟ ਪ੍ਰਤੀ ਹਜ਼ਾਰ 6500 ਦੇ ਕਰੀਬ ਸੀ ਅਤੇ ਉਹ ਹੁਣ ਉਹ ਰੇਟ 7000 ਤੋਂ ਲੈ ਕੇ 7500 ਤੱਕ ਵੀ ਹਨ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਮਿੱਟੀ ਦੀ ਪਥੇਰ ਦੀ ਮਜ਼ਦੂਰੀ ਜੋ ਤਿੰਨ ਸਾਲ ਪਹਿਲਾਂ ਲਗਭਗ 700 ਸੀ, ਅੱਜਕਲ 933 ਹੈ। ਇਸੇ ਤਰ੍ਹਾਂ ਮਿੱਟੀ ਜੇ ਮਿੱਟੀ ਦੇ ਰੇਟ ਦੀ ਗੱਲ ਕਰੀਏ ਤਾਂ ਪਿਛਲੇ ਸਮੇ ਵਿੱਚ ਮਿੱਟੀ ਦੀ ਖਰੀਦ ਜੋ ਪ੍ਰਤੀ ਏਕੜ, ਪ੍ਰਤੀ ਫੁੱਟ ਵਿਚ 70,000 ਸੀ, ਜੋ ਅੱਜ ਉਸ ਮਿੱਟੀ ਦਾ ਰੇਟ 2,50,000 ਲੱਖ ਦੇ ਕਰੀਬ ਪੁੱਜ ਗਈ ਹੈ। ਉਨ੍ਹਾਂ ਨੇ ਕਿਹਾ ਕਿ ਇਸ ਤੋਂ ਇਲਾਵਾ ਨੈਸ਼ਨਲ ਗਰੀਨ ਟ੍ਰਿਬਿਊਨਲ ਅਤੇ ਸਰਕਾਰਾਂ ਦੀਆਂ ਸ਼ਰਤਾਂ ਵੀ ਭੱਠਾ ਮਾਲਕਾਂ ਦੇ ਹੱਕ ਵਿੱਚ ਨਹੀਂ ਹਨ।ਉਨ੍ਹਾਂ ਕਿਹਾ ਜੋ ਮੌਜੂਦਾ ਹਾਲਾਤ ਇਹੋ ਜਿਹੇ ਬਣ ਗਏ ਹਨ ਕਿ ਕਈ ਭੱਠਾ ਮਾਲਕ ਵਪਾਰ ਬੰਦ ਕਰਨ ਬਾਰੇ ਸੋਚਣ ਲਈ ਮਜਬੂਰ ਹੋ ਰਹੇ ਹਨ, ਜਿਸ ਕਰਕੇ ਇੱਟਾਂ ਦੇ ਰੇਟ 'ਚ ਵੀ ਵਾਧਾ ਲਾਜ਼ਮੀ ਹੈ, ਜਿਸ ਦਾ ਸਿੱਧਾ ਅਸਰ ਆਮ ਆਦਮੀ ਦੀ ਜੇਬ 'ਤੇ ਪਵੇਗਾ। ਇਸ ਲਈ ਪੰਜਾਬ ਸਰਕਾਰ ਨੂੰ ਬੇਨਤੀ ਹੈ ਕਿ ਉਹ ਤੁਰੰਤ ਦਖ਼ਲ ਦੇਕੇ ਇਸ ਮਾਮਲੇ ਦੀ ਜਾਂਚ ਕਰਵਾਏ ਅਤੇ ਭੱਠਾ ਇੰਡਸਟਰੀ ਨੂੰ ਬਚਾਉਣ ਲਈ ਯੋਗ ਕਦਮ ਚੁੱਕੇ ਤਾਂ ਜੋ ਉਦਯੋਗ ਅਤੇ ਆਮ ਜਨਤਾ ਦੋਵੇਂ ਨੂੰ ਰਾਹਤ ਮਿਲ ਸਕੇ।*ਜਦੋਂ ਇਸ ਸਬੰਧੀ ਆਪਣਾ ਘਰ ਬਣਾ ਰਹੇ ਮਾਲਕ ਨਾਲ ਗੱਲਬਾਤ ਕੀਤੀ* ਤਾਂ ਉਨ੍ਹਾਂ ਨੇ ਕਿ ਕਿਹਾ ਕਹਿਣਾ ਹੈ ਕਿ ਭੱਠਾਂ ਮਾਲਕ ਆਪਣੇ ਵਧੇ ਖ਼ਰਚਿਆਂ ਦਾ ਬੋਝ ਆਮ ਆਦਮੀ ਤੋਂ ਇੱਟਾਂ ਦੇ ਭਾਅ ਵਧਾ ਕੇ ਵਸੂਲ ਲੈਂਦੇ ਹਨ ਅਤੇ ਇਸ ਦਾ ਸਾਰਾ ਹਰਜਾਨਾ ਆਮ ਲੋਕਾਂ ਨੂੰ ਘਰ ਬਣਾਉਣ ਦਾ ਸੁਫ਼ਨਾ ਪੂਰਾ ਕਰਨ ਮੌਕੇ ਭਰਨਾ ਪੈਂਦਾ ਹੈ।



# ਮੇਰੇ ਫਰਜ਼ੰਦ

ਕੰਡਿਆਂ ਦੀ ਸੇਜ ਤੇ, ਤੁਰ ਤੁਰ ਕੇ ਪਾਲੇ ਫਰਜ਼ੰਦ, ਮੀਡੀਆ ਵਿੱਚ ਆਉਣਾ ਉਨ੍ਹਾਂ ਨੂੰ ਨਹੀਂ ਪਸੰਦ। ਉਹ ਸਾਨੂੰ ਦੋਨਾਂ ਨੂੰ, ਬਿਠਾਉਣਾ ਚਾਹੁੰਦੇ, ਫੁੱਲਾਂ ਦੀ ਸੇਜ ਤੇ। ਭਾਵੇਂ ਵਿੱਤੋਂ-ਬਾਹਰੇ ਕੰਮ ਕਰਨ, ਸਾਡੇ ਲਈ (ਪਤੀ ਪਤਨੀ) ਇਸ ਸਟੇਜ ਤੇ।ਪੁੱਤ ਮੇਰਾ ਤੇ ਨੂੰਹ ਰਾਣੀ, ਘੁੰਮਾਉਂਦੇ ਤੇ ਦਿਖਾਉਂਦੇ, ਅਜਿਹੀਆਂ ਥਾਵਾਂ ਜਿਹੜੀਆਂ ਉਨ੍ਹਾਂ ਅਜੇ ਤਕ, ਆਪ ਵੀ ਨਹੀਂ ਸੀ ਦੇਖੀਆਂ। ਬ੍ਰਿਸਬੇਨ, ਆਸਟ੍ਰੇਲੀਆ ਦੇ ਸੌ-ਡੇਢ ਸੌ ਕਿ0 ਮੀ0 ਦੇ ਦਾਇਰੇ ਵਿੱਚ, ਹਰੇਕ ਹਫਤੇ ਅਪਣੇ ਕੀਮਤੀ ਸਮੇਂ ਵਿੱਚੋਂ, ਟਾਈਮ ਕੱਢ ਕੇ ਉਨ੍ਹਾਂ, ਸਾਡੀ ਖਿਦਮਤ ਕਰਨੀ ਹੀ ਕਰਨੀ ਹੈ। ਸਾਡੇ ਕੁੜਮ (ਨੂੰਹ ਦੇ ਮਾਤਾ ਪਿਤਾ) ਉਨ੍ਹਾਂ ਨਾਲੋਂ ਵੀ ਵੱਧ, ਖੁਸ਼ੀ ਵਿੱਚ ਫੁਲੇ ਸਮਾਉਂਦੇ ਨਹੀਂ ਥੱਕਦੇ।ਅਪਣਾ ਧੰਨਭਾਗ ਸਮਝਦੇ ਹਨ। ਕੱਲ ਗੋਲਡ ਕੋਸਟ ਦੇ ਨੇੜੇ,ਕੋਲਕੋ ਮੌਲ ਵਿੱਚ, ਇੱਕ ਅਜੂਬਾ ਦੇਖਿਆ, ਜਿਸ ਵਿੱਚ ਕਮਰੇ ਦੀ ਛੱਤ ਤੋਂ ਲੈਕੇ, ਦੀਵਾਰਾਂ, ਫਰਸ਼ ਅਤੇ ਸਾਰੀਆਂ ਵਸਤਾਂ ਉਲਟਾਕੇ, ਛੱਤ ਦੇ ਥੱਲੇ ਵਾਲੇ ਭਾਗ ਨਾਲ ਜਾਂ ਦੀਵਾਰਾਂ ਨਾਲ ਚਿਮਟਾਈਆਂ ਹੋਈਆਂ ਸਨ, ਜਦੋਂ ਫੋਟੋ ਖਿੱਚ ਕੇ ਉਸ ਨੂੰ ਉਲਟਾ ਕਰਕੇ ਦੇਖਦੇ ਹਾਂ, ਤੁਸੀਂ ਆਪਣੇ ਆਪ ਨੂੰ ਹਵਾ ਵਿੱਚ, ਉਲਟੇ ਰੂਪ ਵਿੱਚ ਲਟਕਦੇ ਨਜ਼ਰ ਆਉਂਦੇ ਹੋ। ਇਸ ਭੂਤ ਬੰਗਲੇ ਦੀ ਪ੍ਰਮੋਸ਼ਨ ਵਾਸਤੇ,ਬਰੈਂਡ ਅੰਬੈਸਡਰ ਬਣਕੇ ਦਿਲਜੀਤ ਦੋਸਾਂਝ ਵੀ ਇਥੇ ਆਕੇ ਗਿਆ ਸੀ। ਇਕ ਹੋਰ ਪ੍ਰਸਿੱਧ ਵੱਡੇ ਬਨਿੰਗ ਮੌਲ ਵਿੱਚ ਗਾਰਡਨਿੰਗ(ਬਗੀਚੇ) ਵਿੱਚ ਵਰਤੇ ਜਾਣ ਵਾਲੇ ਅਤੇ ਘਰੇਲੂ ਔਜ਼ਾਰਾਂ ਦੇ ਨਵੀਨਤਮ ਜ਼ਖੀਰੇ ਦੇਖੇ। ਨਵੀਆਂ ਅਤੇ ਆਧੁਨਿਕ ਤਕਨਾਲੋਜੀ ਦੇ ਅਧਾਰ ਤੇ ਬਣੇ ਇੰਡੀਆ ਵਿੱਚ ਵੀ ਨਹੀਂ ਮਿਲਦੇ,ਜੇ ਮਿਲਦੇ ਹਨ, ਤਾਂ ਉਹ ਡੁਪਲੀਕੇਟ ਹੁੰਦੇ ਹਨ।ਘਾਹ ਕੱਟਣ ਵਾਲੀਆਂ ਮਸ਼ੀਨਾਂ, ਉਨ੍ਹਾਂ ਦੇ ਬਲੇਡ, ਬੈਟਰੀਆਂ,ਖਾਦਾਂ,ਹੋਰ ਬਹੁਤ ਕਿਸਮ ਦੇ ਔਜ਼ਾਰ ਜਿਹੜੇ ਕਦੇ ਮਨ ਵਿੱਚ ਚਿਤਵੇ ਵੀ ਨਹੀਂ।ਘੁੰਮ ਘੁੰਮ ਕੇ ਦੇਖਣ ਵਾਸਤੇ ਵੀ ਤਿੰਨ ਚਾਰ ਘੰਟੇ ਲੱਗ ਜਾਂਦੇ ਹਨ।ਲੋਹੇ ਦੀਆਂ ਕੁਰਸੀਆਂ ਦੇ ਪੈਰਾਂ ਦੇ ਪੈਡ, ਪਲਾਸਟਿਕ ਦੀ ਨਿਵਾਰ ਵਾਲੇ ਮੰਜਿਆਂ ਦੇ ਪੈਡ, ਬਗੀਚੀ ਵਾਸਤੇ ਭਾਂਤ-ਭਤੇਲੇ ਗਮਲੇ, ਸੀਮਿੰਟ ਅਤੇ ਪਲਾਸਟਿਕ ਦੇ, ਤਾਰਾਂ ਨਾਲ ਲਟਕਣਹਾਰੇ ਗਮਲੇ, ਦੀਵਾਰਾਂ ਨਾਲ ਚਿਮਟਾਉਣ ਵਾਲੇ ਛੋਟੇ ਛੋਟੇ ਗਮਲੇ, ਲੈਣ ਵਾਲੇ ਲੋਕਾਂ ਦੀਆਂ ਭੀੜਾਂ ਲੱਗੀਆਂ ਰਹਿੰਦੀਆਂ ਹਨ।ਕਾਮਰੇਡੀ ਸੁਭਾਓ ਹੋਣ ਦੇ ਬਾਵਜੂਦ ਵੀ ਮੈਨੂੰ ਰੱਬ ਵਿੱਚ ਪੱਕਾ ਵਿਸ਼ਵਾਸ ਹੋ ਜਾਂਦਾ ਹੈ ਕਿ ਜਿਹਾ ਕਰੋਗੇ, ਉਹੋ ਜਿਹਾ ਭੁਗਤੋਗੇ। ਪਰਮਾਤਮਾ ਦੀ ਮੌਜੂਦਗੀ ਦਾ ਤਿਣਕਾ ਭਰ ਵੀ ਸ਼ੱਕ ਨਹੀਂ ਹੁੰਦਾ, ਪ੍ਰਭੂ ਹਰਦਮ ਮੇਰੇ ਆਸ ਪਾਸ ਰਹਿੰਦਾ ਹੈ। ਜਦੋਂ ਅਸੀਂ ਔਖਤਾਂ ਆਉਣ ਦੇ ਬਾਵਜੂਦ ਵੀ ਸਹਿਜਤਾ ਅਤੇ ਮਿਹਨਤ ਦਾ ਪੱਲਾ ਨਹੀਂ ਛੱਡਦੇ, ਪ੍ਰਮਾਤਮਾਂ ਤੁਹਾਡੇ ਕਰਮ ਅਤੇ ਕਿਸਮਤ ਉਸੇ ਪ੍ਰਕਾਰ ਦੇ ਲਿਖ ਦਿੰਦਾ ਹੈ।ਮੇਰੇ ਤਿੰਨੇ ਪੁੱਤਰ-ਨੂੰਹਾਂ ਭਾਗਾਂ ਵਾਲੇ ਹਨ। ਜੋ ਸਾਡੀਆਂ ਪਾਈਆਂ ਪੈੜਾਂ ਤੇ, ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਆਢਾ ਲਾਕੇ ਅਪਣੇ ਅਪਣੇ ਪ੍ਰੀਵਾਰਾਂ ਦੀ ਰਹਿਨੁਮਾਈ ਕਰ ਰਹੇ ਹਨ। ਮੈਨੂੰ ਵੀ ਇਹ ਰਹਿਮਤਾਂ ਵਿਰਸੇ ਵਿੱਚ ਅਪਣੇ ਮਾਤਾ ਪਿਤਾ ਕੋਲੋਂ ਮਿਲੀਆਂ ਸਨ। ਅਸੀਂ ਸਾਰੇ ਭੈਣ ਭਰਾ ਉਨ੍ਹਾਂ ਦੀਆਂ ਕੀਤੀਆਂ ਕੁਰਬਾਨੀਆਂ ਦਾ ਆਨੰਦ ਮਾਣ ਰਹੇ ਹਾਂ।







**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ ਬ੍ਰਿਸਬੇਨ ਆਸਟ੍ਰੇਲੀਆ ਫੋਨ ਨੰਬਰ : 9878469639**

# ਸਿਰਜਣਾ ਮੇਲਾ -3 ਸਫਲਤਾਪੂਰਵਕ ਸੰਪੰਨ ਹੋਇਆ

**● ਲਿੰਗ ਸੰਵੇਦਨਾ ਪ੍ਰਤੀ ਜਾਗਰੂਕ ਹੋਣਾ ਸੱਭਿਅਕ ਸਮਾਜ ਦੀ ਲੋੜ ਹੈ- ਡਾ.ਕੁਲਦੀਪ ਸਿੰਘ ਦੀਪ**

**● ਔਰਤਾਂ ਦਾ ਸੰਤਾਪ ਹਰ ਸਮੇਂ ਵੱਖਰਾ ਹੁੰਦਾ ਹੈ,ਜੁਝਣਾ, ਚੇਤੰਨ ਹੋਣਾ ਹੀ ਔਰਤਾਂ ਦਾ ਅਸਲ ਵਿਕਾਸ ਹੈ ..ਡਾ. ਨਵਦੀਪ ਕੌਰ**

**ਬਰਨਾਲਾ (ਚੰਡਿਹੋਕ)** ਸਿਰਜਣਾ ਅਤੇ ਸੰਵਾਦ ਸਾਹਿਤ ਸਭਾ ਰਜਿ: ਬਰਨਾਲਾ ਦੇ ਪ੍ਰਧਾਨ ਅੰਜਨਾ ਮੈਨਨ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ 25ਵਾਂ ਸਾਹਿਤਕ ਸਮਾਗਮ ਅਤੇ ਸਿਰਜਣਾ ਮੇਲਾ- 3 ਮਿਤੀ 1-3-2026 ਨੂੰ ਐਸ. ਡੀ. ਕਾਲਜ ਆਫ ਐਜੂਕੇਸ਼ਨ ਬਰਨਾਲਾ ਵਿਖੇ ਕਰਵਾਇਆ ਗਿਆ । ਸਮਾਗਮ ਦੀ ਪ੍ਰਧਾਨਗੀ ਡਾ .ਨਵਦੀਪ ਕੌਰ ਮੁਖੀ ਪੋਸਟ ਗਰੈਜੂਏਟ ਸਟੱਡੀਸ ਵਿਭਾਗ ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਬਠਿੰਡਾ ਜੀ ਵੱਲੋਂ ਆਪਣੇ ਕਰ ਕਮਲਾਂ ਨਾਲ ਕੀਤੀ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਰੁਪਿੰਦਰ ਰੁਪੀ ਪੰਜਾਬੀ ਫ਼ਿਲਮ ਅਦਾਕਾਰਾ ਸਨ।

ਪਹਿਲੇ ਸੈਸ਼ਨ ਦੀ ਸ਼ੁਰੂਆਤ ਸਭਾ ਦੀ ਮੀਤ ਪ੍ਰਧਾਨ ਮਨਦੀਪ ਕੌਰ ਭਦੌੜ ਜੀ ਵੱਲੋਂ ਸਭ ਨੂੰ ਜੀ ਆਇਆ ਨੂੰ ਕਹਿਣ ਤੋਂ ਬਾਅਦ

ਪ੍ਰੋ ਹਰਪ੍ਰੀਤ ਕੌਰ ਨੇ ਲਿੰਗ ਸੰਵੇਦਨਾ ਅਤੇ ਭਾਰਤੀ ਸਮਾਜ ਵਿਸ਼ੇ ਉਤੇ ਆਪਣੇ ਵਿਚਾਰ ਪ੍ਰਗਟ ਕਰਕੇ ਕੀਤੀ। ਦੂਸਰੇ ਬੁਲਾਰੇ ਇਕਬਾਲ ਕੌਰ ਉਦਾਸੀ ਜੀ ਨੇ ਭਾਰਤੀ ਸਮਾਜ ਵਿੱਚ ਦੋਹਰੇ ਮਾਪਦੰਡ ਦੀ ਸੋਚ ਨੂੰ ਨਕਾਰਦਿਆਂ ਔਰਤਾਂ ਨੂੰ ਕਰੇ ਅਤੇ ਕੰਮ ਦੇ ਥਾਵਾਂ ਉੱਤੇ ਇੱਕ ਇਨਸਾਨ ਸਮਝਣ ਅਤੇ ਸਨਮਾਨ ਦੇਣ ਦੀ ਪ੍ਰੋੜਤਾ ਕੀਤੀ। ਮੁੱਖ ਬੁਲਾਰੇ ਡਾ. ਕੁਲਦੀਪ ਸਿੰਘ ਦੀਪ ਨੇ ਸੰਸਾਰ ਵਿੱਚ ਫੈਲੀ ਐਪਸਟੀਨ ਫਾਈਲ ਦੀ ਭਿਆਨਕ ਤ੍ਰਾਸਦੀ

ਬਾਰੇ ਦੱਸਦਿਆਂ ਛੋਟੀਆਂ ਕੁੜੀਆਂ ਅਤੇ ਔਰਤਾਂ ਦੀ ਸੁਰੱਖਿਆ ਸਬੰਧੀ ਵਿਸ਼ੇਸ਼ ਚਿੰਤਾ ਜ਼ਾਹਰ ਕੀਤੀ।

ਉਹਨਾਂ ਨੇ ਭਾਸ਼ਾ ਲਿੰਗ ਵਿਤਕਰੇ ਨਾਲ ਨਵੀਂ ਚੇਤਨਾ ਛੋਹੀ। ਹਾਸ਼ੀਏ ਤੇ ਰੱਖੇ ਟਰਾਂਸਜੈਂਡਰ,ਥਰਡ ਜੈਂਡਰ ਮਾਨਸਿਕ ਥੋੜਾਂ, ਵਿਸ਼ੇਸ਼ ਲੋੜਾਂ ਵਾਲੇ ਵਿਅਕਤੀ ਲਿੰਗ ਸਮਾਨਤਾ ਤੋਂ ਕਿਤੇ ਦੂਰ ਤਰਸ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ।

ਉਨ੍ਹਾਂ ਦੇ ਵਿਚਾਰ ਨਾਲ ਪ੍ਰਸਿੱਧ ਲੇਖਕ ਬੂਟਾ ਸਿੰਘ ਚੌਹਾਨ ਨੇ ਵੀ ਹਾਮੀ ਭਰੀ ਕਿ ਔਰਤਾਂ ਨੂੰ ਸਾਹਿਤ ਦੇ ਖੇਤਰ ਵਿੱਚ ਮਰਦਾਂ ਦੇ ਗ਼ਲਤ ਨਜ਼ਰੀਏ ਤੋਂ ਬਚ ਕੇ ਅੱਗੇ ਵਧਣਾ ਚਾਹੀਦਾ ਹੈ ਅਤੇ ਸਿਰਜਣਾ ਸਭਾ ਨੇ ਇਸ ਦੀ ਪਹਿਲ ਕੀਤੀ ਹੈ।

ਡਾ ਭੁਪਿੰਦਰ ਸਿੰਘ ਬੇਦੀ, ਗੁਰਮੇਲ ਸਿੰਘ ਬੌਡੇ, ਪ੍ਰਸ਼ੋਤਮ ਪੱਤੋ ਅਤੇ ਚਰਨਜੀਤ ਕੌਰ ਨੇ ਵੀ ਇਸ ਸਾਰਥਕ ਚਰਚਾ ਵਿੱਚ ਆਪਣੇ ਵਿਚਾਰ ਪੇਸ਼ ਕੀਤੇ।

ਦੂਸਰੇ ਸੈਸ਼ਨ ਵਿੱਚ ਪੰਜਾਬ ਭਰ ਤੋਂ ਕਵੀਆਂ ਦੀ ਚੋਣ ਕੀਤੀ ਗਈ ਸੀ ਜਿਸ ਵਿਚੋਂ ਸਿਮਰਜੀਤ ਕੌਰ






ਗਰੇਵਾਲ ,ਦੀਪ ਲੁਧਿਆਣਵੀ ,ਜਸਵਿੰਦਰ ਕੌਰ ਜੱਸੀ ,

ਸਰਬਜੀਤ ਕੌਰ ਢਿੱਲੋਂ , ਰਾਜਵਿੰਦਰ ਜਟਾਣਾ ,ਪੂਜਾ ਪੁੰਡਰਕ,ਮਨਦੀਪ ਕੌਰ ਖਹਿਰਾ ,ਗੁਰਜੀਤ ਕੌਰ ਰਾਣੂ,ਅਮਰਦੀਪ ਕੌਰ ਸੰਘਾ, ਪ੍ਰਿੰ.ਸੁਰਿੰਦਰਪਾਲ ਕੌਰ ਪਨੂੰ,ਕਿਰਨਦੀਪ ਕੌਰ ਭਾਈਰੂਪਾ ,ਅਰਸ਼ਪ੍ਰੀਤ ਕੌਰ ਪਟਿਆਲਾ ,ਮਨਦੀਪ ਕੌਰ ਧਰਮਕੋਟ,ਸੁਖਦਰਸ਼ਨ ਕੌਰ ਬਰਨਾ-ਲਾ, ਕਿਰਨ ਲਤਾ , ਨਿਰਮਲ ਕੌਰ, ਰੁਪਿੰਦਰ ਕੌਰ ਸ਼ਹਿਣਾ , ਗੁਰਬਿੰਦਰ ਕੌਰ ਗਿੱਲ ਬੱਧਣੀ ਨੇ ਆਪਣੀਆਂ ਖ਼ੂਬਸੂਰਤ ਕਵਿਤਾਵਾਂ ਨਾਲ ਹਾਜ਼ਰੀ ਲਵਾਈ।

ਇਸ ਉਪਰੰਤ ਸਭਾ ਵੱਲੋਂ ਚਾਰ "ਸਿਰਜਣਹਾਰੀ ਪੁਰਸਕਾਰ" ਵੀ ਭੇਂਟ ਕੀਤੇ ਗਏ।ਜਿੰਨਾ ਵਿੱਚੋਂ ਪਹਿਲਾ ਡਾ. ਸਰਬਜੀਤ ਕੌਰ ਬਰਾੜ (ਪ੍ਰਧਾਨ ਸਿਰਜਣਾ ਅਤੇ ਸੰਵਾਦ ਸਾਹਿਤ ਸਭਾ ਮੋਗਾ ਇਕਾਈ , ਸਮਾਜਸੇਵੀ ਅਤੇ ਕਵਿਤਰੀ) ਦੂਸਰਾ ਮੈਡਮ ਰਵੀਨਾ ਖਾਨ (ਪ੍ਰੈਜ਼ੀਡੈਂਟ ਕਾਫ਼ਿਲਾ-ਏ- ਮੀਰ ਆਲ ਇੰਡੀਆ ਰਜਿ: ਪਟਿਆਲਾ ਅਤੇ ਸਮਾਜਸੇਵੀ ) ਤੀਸਰਾ ਬੇਅੰਤ ਕੌਰ ਨਿਹਾਲ ਸਿੰਘ ਵਾਲਾ (ਨਾਟਕਕਾਰਾ ਅਤੇ ਅਲੋਚਕ) ਚੌਥਾ ਜਸਵੀਰ ਕੌਰ (ਪ੍ਰੈੱਸ ਸਕੱਤਰ ਇਸਤਰੀ ਜਾਗ੍ਰਤੀ ਮੰਚ ਪੰਜਾਬ) ਜੀ ਨੂੰ ਭੇਂਟ ਕੀਤਾ ਗਿਆ।

ਪੱਤਰਕਾਰ ਭਾਈਚਾਰੇ ਵਿੱਚੋਂ ਸਹਿਯੋਗ ਦੇਣ ਲਈ ਨਿਰਮਲ ਸਿੰਘ ਪੰਡੋਰੀ ਅਤੇ ਬਘੇਲ ਸਿੰਘ ਧਾਲੀਵਾਲ ਜੀ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਅਤੇ ਤਿੰਨ ਸਾਹਿਤਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਮਾਗਮ ਵਿੱਚ ਆਏ ਸਾਰੇ ਪ੍ਰਧਾਨਗੀ ਮੰਡਲ ਅਤੇ ਕਵੀ ਜਨਾ ਦਾ ਸਭਾ ਵੱਲੋਂ ਇੱਕ ਸਨਮਾਨ ਚਿੰਨ ਅਤੇ ਤਿੰਨ ਤਿੰਨ ਸਾਹਿਤਕ ਪੁਸਤਕਾਂ ਨਾਲ ਸਨਮਾਨ ਕੀਤਾ ਗਿਆ।ਇਸ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ ਨਵਦੀਪ ਕੌਰ ਜੀ ਵੱਲੋਂ ਸੰਵਾਦ ਦੇ ਵਿਸ਼ੇ ਤੇ ਹੋਈ ਚਰਚਾ ਵਿੱਚ ਆਪਣੇ ਅਜੋਕੇ ਦੌਰ ਦੇ ਨਵੇਂ ਵਿਚਾਰ ਪੇਸ਼ ਕੀਤੇ ਕਿ ਨੌਜਵਾਨ ਪੀੜੀ ਵਿੱਚ ਲਿੰਗ ਸੰਵੇਦਨਾ ਨੂੰ ਲੈ ਕੇ ਸਾਡੇ ਸਮਾਜ ਵਿੱਚ ਬਹੁਤ ਸਾਰੀਆਂ ਨਵੀਆਂ ਤਬਦੀਲੀਆਂ ਹੋ ਰਹੀਆਂ ਹਨ। ਜਿੰਨਾਂ ਦਾ ਸਾਨੂੰ ਧਿਆਨ ਰੱਖਣ ਦੀ ਲੋੜ ਹੈ । ਉਨ੍ਹਾਂ ਨੇ ਸ਼ਾਮਲ ਕਵੀਆਂ ਦੀ ਕਲਮ ਨੂੰ ਔਰਤਾਂ ਦੇ ਵਿਕਾਸ ਦੀ ਤੀਜੀ ਚੌਥੀ ਪੀੜੀ ਦੇ ਵਿਕਾਸ , ਸੰਘਰਸ਼ ਅਤੇ ਹੌਸਲੇ ਦੀ ਗੱਲ ਕਰਨ ਦੀ ਪ੍ਰੇਰਨਾ ਦਿੱਤੀ। ਅਖੀਰ ਸਭਾ ਦੇ ਪ੍ਰਧਾਨ

ਪ੍ਰਧਾਨ ਅੰਜਨਾ ਮੈਨਨ ਨੇਂ ਸਭ ਹਾਜ਼ਰੀਨ ਦਾ ਤਹਿ ਦਿਲੋਂ ਧੰਨਵਾਦ ਕੀਤਾ ।

ਇਸ ਮੌਕੇ ਬਲਵੀਰ ਕੌਰ, ਜਸਪ੍ਰੀਤ ਕੌਰ ਬੱਬੂ, ਜਸਵੀਰ ਕੌਰ ਬਾਵਾ, ਰਜਿੰਦਰ ਕੌਰ, ਸ਼ਰਨਜੀਤ ਕੌਰ, ਮਨੀਸ਼ਾ, ਆਸ਼ਾ ਕੌਰ ,ਵੀਰਪਾਲ ਕੌਰ, ਰੁਪਿੰਦਰ ਕੌਰ ,ਮਹਿਰਪ੍ਰੀਤ, ਮਨਦੀਪ ਕੌਰ, ਹਰਨੀਤ ਕੌਰ, ਚਰਨਜੀਤ ਕੌਰ, ਸਰਗਮ, ਡਾ.ਜੀਤ ਕੌਰ, ਡਾ. ਰਿਪੁਜੋਤ , ਹਰਨੀਤ ਕੌਰ, ਸਰਬਜੀਤ ਕੌਰ ਢਿੱਲੋਂ,ਡਾ.ਤੇਜਾ ਸਿੰਘ ਤਿਲਕ, ਸੰਪੂਰਨ ਸਿੰਘ ਟੱਲੇਵਾਲ, ਅਮਨਦੀਪ ਸਿੰਘ ਟੱਲੇਵਾਲ, ਹਾਕਮ ਸਿੰਘ ਰੂੜੇਕੇ, ਰਘਵੀਰ ਸਿੰਘ ਗਿੱਲ ਕੱਟੂ ,ਬਿਰਜ ਲਾਲ ਗੋਇਲ,ਤੇਜਿੰਦਰ ਸਿੰਘ ਚੰਡਿਹੋਕ, ਚਰਨ ਸਿੰਘ ਭਦੌੜ,ਹਰਮੇਲ ਸਿੰਘ, ਜਗਜੀਤ ਸਿੰਘ, ਸੁਹੇਲ ਖਾਨ, ਜਸਵੀਰ ਸਿੰਘ, ਬਲਦੇਵ ਸਿੰਘ, ਜੁਗਰਾਜ ਚੰਦ ਰਾਏਸਰ, ਹੰਸ ਸਿੰਘ ਸੋਹੀ ਭਗਤਾ, ਮਨਜੀਤ ਸਿੰਘ ਰਾਣੂ ਏਕਮਜੋਤ ਸਿੰਘ ਰਾਣੂ, ਈਸ਼ਾਨ, ਜਸਪਾਲ ਸਿੰਘ, ਅਵਤਾਰ ਸਿੰਘ, ਹਰਪ੍ਰੀਤ ਸਿੰਘ ਮੋਗਾ, ਤਰਨਦੀਪ ਸਿੰਘ, ਗੁਰਵਿੰਦਰ ਸਿੰਘ, ਹਮੀਰ ਸਿੰਘ ਆਦਿ ਨੇ ਸ਼ਿਰਕਤ ਕੀਤੀ।

ਮੰਚ ਸੰਚਾਲਨ ਦੀ ਭੂਮਿਕਾ ਉਰਵਸ਼ੀ ਗੁਪਤਾ ਜੀ ਨੇ ਬਾਖ਼ੂਬੀ ਨਿਭਾਈ।

ਸਭ ਲਈ ਚਾਹ ਪਾਣੀ ਅਤੇ ਖਾਣੇ ਦਾ ਪ੍ਰਬੰਧ ਕੀਤਾ ਗਿਆ।

## ਸ਼ਬਦਿਕ ਪੋਟਰੇਟ




"ਅੱਜ ਈਰਾਨ ਦੀਆਂ ਹਵਾਵਾਂ ਵਿੱਚ ਇੱਕ ਅਜੀਬ ਜਿਹਾ ਭਾਰ ਹੈ। ਤੇਹਰਾਨ ਦੀਆਂ ਗਲੀਆਂ ਵਿੱਚ ਅਜਿਹੀ ਖ਼ਾਮੋਸ਼ੀ ਪਸਰੀ ਹੈ, ਜੋ ਬੋਲਦੀ ਤਾਂ ਨਹੀਂ, ਪਰ ਬਹੁਤ ਕੁਝ ਕਹਿ ਰਹੀ ਹੈ। ਕਿਸੇ ਦੀਆਂ ਅੱਖਾਂ ਵਿੱਚੋਂ ਆਪਣੇ 'ਰਹਿਬਰ' ਦੇ ਜਾਣ ਦਾ ਗ਼ਮ ਵਹਿ ਰਿਹਾ ਹੈ ਅਤੇ ਕਿਸੇ ਦੀਆਂ ਨਜ਼ਰਾਂ ਵਿੱਚ ਇੱਕ ਅਣਦੱਸੀ ਜਿਹੀ ਚਮਕ ਹੈ। ਇੱਕ ਉਮੀਦ ਕਿ ਸ਼ਾਇਦ ਕੱਲ੍ਹ ਦਾ ਸੂਰਜ ਕਿਸੇ ਵੱਖਰੇ ਰੰਗ ਦਾ ਹੋਵੇ।

ਚਿਹਰੇ ਵੱਖੋ-ਵੱਖਰੇ ਹਨ, ਪਰ ਸਵਾਲ ਸਭ ਦੀਆਂ ਬਰੂਹਾਂ 'ਤੇ ਇੱਕੋ ਖੜ੍ਹਾ ਹੈ 'ਹੁਣ ਅੱਗੇ ਕੀ?' ਇਹ ਸਿਰਫ਼ ਇੱਕ ਰੂਹ ਦਾ ਰੁਖ਼ਸਤ ਹੋਣਾ ਨਹੀਂ, ਸਗੋਂ ਇੱਕ ਪੂਰੇ ਯੁੱਗ ਦਾ ਅੰਤ ਹੈ। ਇੱਥੇ ਜਿੱਤ ਜਾਂ ਹਾਰ ਦੀ ਗੱਲ ਪਿੱਛੇ ਰਹਿ ਗਈ ਹੈ। ਹੁਣ ਤਾਂ ਹਰ ਸ਼ਖ਼ਸ ਆਪਣੇ ਅੰਦਰਲੇ ਖ਼ੌਫ਼ ਅਤੇ ਖ਼ੁਆਬਾਂ ਦੀ ਜੰਗ ਲੜ ਰਿਹਾ ਹੈ। ਸਿਆਸਤ, ਅਕੀਦਤ (ਸ਼ਰਧਾ) ਅਤੇ ਇਨਸਾਨੀਅਤ ਦੇ ਚੌਰਾਹੇ 'ਤੇ ਖੜ੍ਹਾ ਈਰਾਨ ਅੱਜ ਕੁਝ ਬੋਲ ਨਹੀਂ ਰਿਹਾ। ਬਸ ਆਪਣੇ ਇਤਿਹਾਸ ਦੀ ਅਗਲੀ ਕਰਵਟ ਨੂੰ ਮਹਿਸੂਸ ਕਰ ਰਿਹਾ ਹੈ।"

**ਲੇਖਕ ਗੁਰਪ੍ਰੀਤ ਸਿੰਘ ਬਿਲਿੰਗ**
**ਮੋਬਾਈਲ 75086-98066**
**gurpreetnews@gmial.com**

## ਸ਼ਾਇਰ ਰਣਜੀਤ ਸਰਾਂਵਾਲੀ ਦਾ ਰੂਬਰੂ ਸਮਾਗਮ 04 ਮਾਰਚ ਨੂੰ

**ਬਰਨਾਲਾ (ਸਮਾਜ ਵੀਕਲੀ)** ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੀ ਇਕਾਈ ਬਰਨਾਲਾ ਵੱਲੋਂ 04 ਮਾਰਚ, 2026 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ ਦੇ ਵਿਹੜੇ ਵਿੱਚ ਇਕ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਯੁਵਾ ਪੁਰਸਕਾਰ ਨਾਲ ਸਨਮਾਨਿਤ ਸ਼ਾਇਰ ਰਣਜੀਤ ਸਰਾਂਵਾਲੀ ਸਰੋਤਿਆਂ ਦੇ ਰੂਬਰੂ ਹੋਣਗੇ। ਸਭਾ ਦੇ ਪ੍ਰਧਾਨ ਡਾ. ਹਰਿਭਗਵਾਨ ਅਤੇ ਜਨਰਲ ਸਕੱਤਰ ਭੋਲਾ ਸਿੰਘ ਸੰਘੇੜਾ ਨੇ ਸਾਂਝੇ ਤੌਰ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਢੇ ਦਸ ਵਜੇ ਸ਼ੁਰੂ




ਹੋਣ ਵਾਲੇ ਸਮਾਗਮ ਦੀ ਪ੍ਰਧਾਨਗੀ ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਕਰਨਗੇ ਜਦੋਂ ਕਿ ਮੁੱਖ ਮਹਿਮਾਨ ਜਰਨੈਲ ਸਿੰਘ ਅੱਚਰਵਾਲ ਅਤੇ ਵਿਸ਼ੇਸ਼ ਮਹਿਮਾਨ ਕਰਮ ਸਿੰਘ ਮਾਨ ਅਤੇ ਹਰੀ ਪਾਲ ਹੋਣਗੇ। ਇਸ ਸਮੇਂ ਪੁਸਤਕਾਂ ਲੋਕ ਅਰਪਣ ਕਰਨ ਤੋਂ ਬਿਨਾਂ ਹਾਜ਼ਰ ਕਵੀ ਵੀ ਆਪਣਾ ਕਲਾਮ ਪੇਸ਼ ਕਰਨਗੇ।

# ਜ਼ਿੰਦਗੀ ਵਿੱਚ ਰਿਸ਼ਤੇ ਮਿਲਵਰਤਨ ਲਈ ਹੁੰਦੇ ਹਨ

ਹਮਦਰਦੀ ਇੱਕ ਜਮਾਂਦਰੂ ਗੁਣ ਹੈ,ਇਹ ਸਗੋਂ ਇੱਕ ਸਭਿਆਚਾਰਕ ਵੀ ਹੈ ਜੋ ਕਿ ਆਤਮ ਨਿਰੀਖਣ ਦੁਆਰਾ ਵਿਕਸਿਤ ਹੁੰਦਾ ਹੈ।ਜਿੱਥੇ ਗੱਪਾਂ,ਦੋਸ਼,ਅਤੇ ਨਿੰਦਾ-ਚੁਗਲੀ ਜਨਮ ਲੈਂਦੇ ਹਨ,ਉਥੇ ਹਮਦਰਦੀ ਦੇ ਬੀਜ਼ ਉਗਣ ਵਿੱਚ ਅਸਫ਼ਲ ਰਹਿੰਦੇ ਹਨ।ਦੂਸਰਿਆਂ ਦੇ ਦੁੱਖ ਸਮਝਣ ਦੀ ਯੋਗਤਾ ਸਾਨੂੰ ਸਾਥੀ ਬਣਾਉਦੀ ਹੈ,ਆਲੋਚਕ ਨਹੀ।ਜਦੋਂ ਹਮਦਰਦੀ ਸਾਡੇ ਸਾਡੇ ਵਿਵਹਾਰ ਦਾ ਹਿੱਸਾ ਬਣ ਜਾਦੀ ਹੈ ਤਾਂ ਸ਼ਬਦ ਵਿਸ਼ਵਾਸ਼ ਦਾ ਮਾਧਿਅਮ ਬਣ ਜਾਂਦੇ ਹਨ,ਜ਼ਹਿਰ ਨਹੀ।ਬਹੁਤ ਸਾਰੇ ਲੋਕ ਗੱਪਾਂ ਮਾਰਨ ਅਤੇ ਟਕਰਾਅ ਨੂੰ ਭੜਕਾਉਣ ਵਿੱਚ ਖੁਸ਼ੀ ਮਨਾ ਕੇ ਹਿੱਸਾ ਪਾਉਦੇ ਹਨ।ਉਹ ਮੰਨਦੇ ਹਨ ਕਿ ਦੂਸਰਿਆਂ ਨੂੰ ਲੜਣ ਲਈ ਉਕਸਾਉਣਾ,ਅੱਧਾ ਸੱਚ ਦੱਸਣਾ,ਅਤੇ ਰਿਸ਼ਤਿਆਂ ਵਿੱਚ ਜ਼ਹਿਰ ਫਲਾਉਣਾ ਜਿੱਤ ਦਾ ਇਕ ਰੂਪ ਹੈ।ਅਜਿਹੇ ਲੋਕ ਆਪਣੇ ਆਪ ਨੂੰ ਬਹੁਤ ਚੁਸਤ ਸਮਖਦੇ ਹਨ।ਪਰ ਉ ਭੁੱਲ ਜਾਦੇ ਹਨ ਕਿ ਇਹ ਅਖੌਤੀ ਖੁਸ਼ੀ ਸਿਰਫ਼ ਥੋੜੀ ਦੇਰ ਵਾਸਤੇ ਹੀ ਹੈ।

ਇਹ ਇੱਕ ਅਜਿਹੀ ਅੱਗ ਹੈ ਪਹਿਲਾਂ ਇਹ ਦੂਸਰਿਆਂ ਨੂੰ ਸਾੜਦੀ ਹੈ,ਪਰ ਅੰਤ ਵਿੱਚ ਉਸੇ ਹੀ ਵਿਅਕਤੀ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ ਜਿਸ ਨੇ ਇਸ ਨੂੰ ਅੱਗ ਲਾਈ ਹੁੰਦੀ ਹੈ।ਗੱਪਸ਼ੱਪ ਬਾਰੇ ਸੱਭ ਤੋਂ ਖਤਰਨਾਕ ਗੱਲ ਇਹ ਹੈ ਕਿ ਇਹ ਖੁੱਲ ਕੇ ਸਾਹਮਣੇ ਨਹੀ ਆਉਦੀ।ਇਹ ਮੁਸਕ੍ਰਾਹਟ ਦੇ ਪਿੱਛੇ ਲੁੱਕ ਜਾਦੀ ਹੈ,ਆਪਣੇ ਆਪ ਨੂੰ ਹਮਦਰਦੀ ਵਿੱਚ ਲਪੇਟਦੀ ਹੈ,ਅਤੇ ਮਿੱਠੇ ਸ਼ਬਦਾ ਵਿੱਚ ਘੁੱਲੀ ਹੁੰਦੀ ਹੈ ਜਿਵੇਂ ਕਿ 'ਮੈ ਤੁਹਾਨੂੰ ਤੁਹਾਡੇ ਭਲੇ ਲਈ ਦੱਸ ਰਹੀ ਹਾਂ' ਪਰ ਇਸ ਦਾ ਪ੍ਰਭਾਵ ਬਹੁਤ ਡੂੰਘਾ ਹੁੰਦਾ ਹੈ।ਇਹ ਵਿਸ਼ਵਾਸ਼ ਦੀ ਨੀਂਹ ਨੂੰ ਕਮਜ਼ੋਰ ਕਰਦੀ ਹੈ।ਰਿਸ਼ਤਿਆਂ ਵਿੱਚ ਸ਼ੱਕ ਦੇ ਬੀਜ਼ ਪੈਦਾ ਕਰਦੀ ਹੈ,ਅਤੇ ਲੋਕਾਂ ਨੂੰ ਇੱਕ ਦੂਜੇ ਦੇ ਵਿਰੁਧ ਖੜਾ ਕਰਦੀ ਹੈ।ਜੋ ਲੋਕ ਗੱਪਸ਼ੱਪ ਦਾ ਅਨੰਦ ਮਾਣਦੇ ਹਨ ਉਹ ਅਕਸਰ ਇਹ ਨਹੀ ਸੋਚਦੇ ਕਿ ਉਹ ਚੰਗਿਆੜੀਆਂ ਜਿੰਨਾਂ ਨਾਲ ਉਹ ਖੇਡ ਰਹੇ ਹਨ ,ਇਕ ਦਿਨ ਅੱਗ ਵਿੱਚ ਬਦਲ ਸਕਦੀਆਂ ਹਨ ਅਤੇ ਉਹਨਾਂ ਨੂੰ ਵੀ ਸਾੜ ਸਕਦੀਆਂ ਹਨ।

ਇਤਿਹਾਸ ਅਤੇ ਸਮਾਜ ਦੋਨੇਂ ਇਸ ਗੱਲ ਦੇ ਗਵਾਹ ਹਨ ਕਿ ਝੂਠ ਅਤੇ ਗੱਪਾਂ ਨਾਲ ਬਣੇ ਰਿਸ਼ਤੇ ਜਿਆਦਾ ਦੇਰ ਤੱਕ ਨਹੀ ਟਿੱਕਦੇ। ਜਿਸ ਆਦਮੀ ਨੂੰ ਤੁਸੀ ਅੱਜ ਭੜਕਾਇਆ ਹੈ ਉਹ ਕੱਲ ਸੱਚਾਈ ਪਤਾ ਲੱਗਣ ਤੇ ਤੁਹਾਡੇ ਤੋਂ ਦੂਰ ਹੋ ਜਾਵੇਗਾ।ਅੱਜ ਤੁਸੀ ਜਿਸ ਭੁਲੇਖੇ ਵਿੱਚ ਉਸ ਨੂੰ ਰੱਖ ਰਹੇ ਹੋ ਜਦੋਂ ਉਹ ਟੁੱਟੇਗਾ ਤਾਂ ਸ਼ਰਮ ਅਤੇ ਪਛਤਾਵੇ ਤੋਂ ਬਿੰਨਾਂ ਤੁਹਾਡੇ ਕੋਲ ਕੁਝ ਵੀ ਨਹੀ ਰਹਿ ਜਾਵੇਗਾ।ਤੁਸੀ ਸੱਚਾਈ ਨੂੰ ਕਿੰਨੀ ਕੁ ਦੇਰ ਦਬਦ ਕੇ ਰੱਖ ਲਓਗੇ,ਆਖਰ ਇਕ ਦਿਨ ਬਾਹਰ ਆ ਹੀ ਜਾਏਗੀ,ਜਦੋਂ ਇਹ ਸੱਚਾਈ ਬਾਹਰ ਆਏਗੀ ਤਾਂ ਪਹਿਲਾਂ ਉਸ ਆਦਮੀ ਨੂੰ ਬੇਨਕਾਬ ਕਰੇਗਾ ਜਿਸ ਨੇ ਉਸ ਨੂੰ ਭੜਕਾਇਆ ਹੈ।ਹੌਲੀ-ਹੌਲੀ ਗੱਪਾਂ ਮਾਰਨ ਵਾਲਾ ਆਪਣੇ ਆਪ ਨੂੰ ਅਲੱਗ-ਅਲੱਗ ਜਿਹਾ ਮਹਿਸੂਸ ਕਰਨ ਲੱਗ ਜਾਏਗਾ।ਜਦ ਕਿ ਸ਼ੁਰੂ ਸ਼ਰੂ ਵਿੱਚ ਉਨਾਂ ਦੀਆਂ ਗੱਲਾਂ ਦਾ ਵਿਸ਼ਵਾਸ਼ ਨਹੀ ਕਰਦੇ।ਉਨਾਂ ਦੇ ਦਿਲਾਂ ਵਿੱਚ ਇਕ ਡਰ ਦਾ ਮਹੌਲ ਬਣ ਜਾਏਗਾ।ਜੇ ਕੋਈ ਮੇਰੇ ਸਾਹਮਣੇ ਬੁਰਾ-ਭਲਾ ਬੋਲ ਸਕਦਾ ਹੈ ਤਾਂ ਉਹ ਮੇਰੀ ਪਿੱਠ ਪਿੱਛੇ ਕੀ ਬੋਲੇਗਾ?ਇਹ ਸਲੱਕ ਰਿਸ਼ਤਿਆਂ ਵਿੱਚ ਦੂਰੀ ਪੈਦਾ ਕਰਦਾ ਹੈ।ਗੱਪਾਂ ਮਾਰਨ ਵਾਲਾ ਵਿਅਕਤੀ ਆਪਣੇ ਜਾਲ ਵਿੱਚ ਆਪ ਹੀ ਫਲਸ ਜਾਂਦਾ ਹੈ,ਜਿੱਥੇ ਨਾ ਤਾਂ ਸੱਚੇ ਰਿਸ਼ਤੇ ਬਣਦੇ ਹਨ ਅਤੇ ਨਾ ਹੀ ਅੰਦਰੂਨੀ ਸ਼ਾਂਤੀ ਮਿਲਦੀ ਹੈ।

ਅਸੀ ਜੇ ਕੁਝ ਕਰ ਸਕਦੇ ਹਾਂ ਤਾਂ ਇਕ ਕੰਮ ਜਰੂਰ ਕਰੋ,ਕਿ ਜਿਹੜੀ ਆਪਣੀ ਆਦਤ ਹੈ ਕਿ ਹਰ ਇਕ ਵਿੱਚ ਕੋਈ ਨਾ ਕੋਈ ਨੁਕਸ ਕੱਢਣਾ,ਨੁਕਸ ਕੱਢਣਾ ਦੀ ਆਦਤ ਨੂੰ ਵੀ ਅਸੀ ਬਦਲ ਸਕਦੇ ਹਾਂ।ਅਸੀ ਸਾਰੇ ਨੁਕਸ ਲੱਭਣ ਦੀ ਕਲਾ ਵਿੱਚ ਮਾਹਰ ਹੁੰਦੇ ਹਾਂ,ਦੂਸਰਿਆਂ ਦੀਆਂ ਛੋਟੀਆਂ-ਛੋਟੀਆਂ ਗਲਤੀਆਂ ਵੀ ਸਾਨੂੰ ਪਹਾੜਾਂ ਵਾਂਗ ਲੱਗਦੀਆਂ ਹਨ।ਅਸੀ ਬਿਲਕੁਲ ਤਿਆਰ ਬੈਠੇ ਹੁੰਦੇ ਹਾਂ ਕਿ ਕੌਣ ਕਿਸ ਤਰਾਂ ਬੋਲਦਾ,ਕਿਸ ਤਰਾਂ ਨਾਲ ਬੈਠਦਾ, ਉਸ ਦਾ ਪਹਿਰਾਵਾ,ਵਿਚਾਰ,ਜਾਂ ਉਸ ਦਾ ਫੈਸਲਾ।ਅਸੀ ਇਹ ਸੋਚਦੇ ਹਾਂ ਕਿ ਦੂਸਰਿਆਂ ਦੀਆਂ ਕਮੀਆਂ ਨੂੰ ਦਰਸਾਉਣਾ ਸਾਡਾ ਜਮਹੂਰੀ ਹੱਕ ਹੈ,ਪਰ ਇਸ ਪ੍ਰਕਿਰਆ ਵਿੱਚ ਅਸੀ ਇਕ ਮਹੱਤਵ ਪੂਰਨ ਕੰਮ ਭੁੱਲ ਜਾਦੇ ਹਾਂ,ਆਪਣੇ ਅੰਦਰ ਝਾਤੀ ਮਾਰਨਾ।ਕਈ ਵਾਰ,ਸਾਨੂੰ ਆਪਣੇ ਮਨ ਦੇ ਸ਼ੀਸ਼ੇ ਵਿੱਚ ਆਪਣੇ ਚਿਹਰਿਆਂ ਦੀ ਜਾਂਚ ਕਰਨ ਦੀ ਜਰੂਰਤ ਹੁੰਦੀ ਹੈ।ਇਹ ਸ਼ੀਸ਼ਾ ਕੱਚ ਦਾ ਨਹੀ ਬਣਿਆ ਹੁੰਦਾ।ਇਹ ਸਾਡੀ ਬਾਹਰੀ ਦਿੱਖ ਨੂੰ ਨਹੀ,ਸਗੋਂ ਸਾਡੇ ਵਿਚਾਰ,ਸਾਡਾ ਵਿਵਹਾਰ ਅਤੇ ਸਾਡੇ ਇਰਾਦਿਆਂ ਨੂੰ ਦਰਸਾਉਦਾ ਹੈ।ਜਦੋਂ ਅਸੀ ਇਸ ਸ਼ੀਸ਼ੇ ਵਿੱਚ ਇਮਾਨਦਾਰੀ ਨਾਲ ਦੇਖਦੇ ਹਾਂ ਤਾਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਬਹੁਤ ਸਾਰੀਆਂ ਕਮੀਆਂ ਜੋ ਅਸੀ ਦੂਜਿਆਂ ਵਿੱਚ ਲੱਭਦੇ ਹਾਂ,ਉਹ ਸਾਰੀਆਂ ਸਾਡੇ ਅੰਦਰ ਵੀ ਮੌਜੂਦ ਹਨ।ਫ਼ਰਕ ਸਿਰਫ਼ ਇਹ ਹੈ ਕਿ ਅਸੀ ਆਪਣੀਆਂ ਕਮੀਆਂ ਨੂੰ ਮਜ਼ਬੂਰੀ ਵਜੋਂ ਸਮਝਦੇ ਹਾਂ,ਜਦੋਂ ਕਿ ਅਸੀ ਦੂਸਰਿਆਂ ਦੀਆਂ ਕਮੀਆਂ ਨੂੰ ਅਪਰਾਧ ਵਜੋਂ ਸਮਝਦੇ ਹਾਂ।

ਅਸੀ ਦੂਸਰਿਆਂ ਨੂੰ ਸਲਾਹ ਦੇਣ ਵਿੱਚ ਬਹੁਤ ਕਾਹਲੇ ਹੁੰਦੇ ਹਾਂ,ਪਰ ਇਹਨਾਂ ਨੂੰ ਆਪਣੇ ਤੇ ਲਾਗੂ ਕਰਨ ਤੋਂ ਝਿਜਕਦੇ ਹਾਂ।ਅਸੀ ਇਹ ਜਰੂਰ ਮੰਨ ਲੈਂਦੇ ਹਾਂ ਕਿ ਅਸੀ ਹਾਲਾਤਾਂ ਦੇ ਸ਼ਿਕਾਰ ਹਾਂ,ਇਸ ਲਈ ਸਾਡੀਆਂ ਗਲਤੀਆਂ ਜਾਇਜ਼ ਹਨ,ਪਰ ਸਾਡੇ ਕੋਲ ਦੂਸਰਿਆਂ ਲਈ ਕੋਈ ਰਿਆਇਤਾਂ ਨਹੀ ਹਨ।ਇਹ ਦੋਹਰਾ ਮਾਪਦੰਡ ਸਾਡੇ ਰਿਸ਼ਤਿਆਂ ਨੂੰ ਢਾਹ ਲਾਉਦਾ ਹੈ ਅਤੇ ਸਾਡੀ ਸ਼ਖਸ਼ੀਅਤ ਨੂੰ ਅੰਦਰੋਂ ਕਮਜ਼ੋਰ ਕਰਦਾ ਹੈ।ਜਿੰਨੀ ਜਲਦਬਾਜ਼ੀ ਅਸੀ ਆਲੋਚਨਾ ਕਰਨ ਵਿੱਚ ਦਿਖਾਉਦੇ ਹਾਂ,ਕਾਸ਼ ਕਿਤੇ ਉਨੀ ਹੀ ਤੇਜ਼ੀ ਨਾਲ ਆਤਮ-ਨਿਰੀਖਣ ਕਰ ਸਕੋਂ ਤਾਂ ਤੁਸੀ ਕਿਤੇ ਨਾ ਕਿਤੇ ਪਹੁੰਚ ਸਕਦੇ ਹੋ।ਆਲੋਚਨਾ ਆਸਾਨ ਹੈ ਇਸ ਲਈ ਅਸੀ ਕੋਸ਼ਿਸ਼ ਹੀ ਨਹੀ ਕਰਦੇ।ਕਿਉਕਿ ਇਹਦੇ ਵਿੱਚ ਕਿਸੇ ਦੀ ਲੋੜ ਸ਼ਾਮਲ ਨਹੀ ਹੈ,ਆਪਣੇ ਆਪ ਨੂੰ ਸਵਾਲ ਕਰਨ ਦੀ ਲੋੜ ਨਹੀ ਹੈ।ਆਤਮ ਨਿਰੀਖਣ ਇਸ ਦੇ ਬਿਲਕੁਲ ਉਲਟ ਹੈ,ਇਸ ਲਈ ਇਮਾਨਦਾਰੀ,ਸਬਰ ਅਤੇ ਹਿੰਮਤ ਦੀ ਲੋੜ ਹੁੰਦੀ ਹੈ।

ਸਾਡਾ ਆਤਮ-ਨਿਰੀਖਣ ਸਾਨੂੰ ਇਹ ਸਿਖਾਉਦਾ ਹੈ ਕਿ ਹਰ ਆਦਮੀ ਦੇ ਆਪਣੇ ਹਾਲਾਤ ਅਤੇ ਸੰਘਰਸ਼ ਹੁੰਦੇ ਹਨ,ਜਿੰਨਾਂ ਨੂੰ ਅਸੀ ਬਾਹਰੋਂ ਨਹੀ ਦੇਖ ਸਕਦੇ।ਜਦੋਂ ਅਸੀ ਇਸ ਨੂੰ ਸਵੀਕਾਰ ਕਰਦੇ ਹਾਂ ਤਾਂ ਸਾਡੇ ਸ਼ਬਦਾ ਦਾ ਕਿਨਾਰਾ ਆਪਣੇ ਆਪ ਹੀ ਧੁੰਦਲਾ ਹੋ ਜਾਦਾ ਹੈ। ਨਿੰਦਾ ਦੀ ਬਜਾਇ ਸਮਝ ਅਤੇ ਹਮਦਰਦੀ ਸਾਹਮਣੇ ਆਉਣ ਲੱਗ ਪੈਂਦੀ ਹੈ ਅਤੇ ਇਹ ਹਮਦਰਦੀ ਹੀ ਸਾਨੂੰ ਇਨਸਾਨ ਬਣਾਉਦੀ ਹੈ।ਹਰ ਕੋਈ ਬੁਰਾ ਬੋਲਦਾ ਹੈ ਅਤੇ ਆਲੋਚਨਾ ਕਰਦਾ ਹੈ।ਚਾਹੇ ਸੱਚਾ ਹੋਵੇ ਜਾਂ ਝੂਠਾ ਪ੍ਰਸੰਸਾ ਵੀ ਲੋਕਾਂ ਨੂੰ ਆਸਾਨ ਲੱਗਦੀ ਹੈ।ਆਲੋਚਨਾ ਇੱਕ ਫੋਕੀ ਜਿਹੀ ਦਲੇਰੀ ਰੱਖਦੀ ਹੈ,ਉਹ ਵੀ ਬਿੰਨਾਂ ਜਿੰਮੇਵਾਰੀ ਲਏ।ਬਿੰਨਾਂ ਕਿਸੇ ਸਬੂਤ ਦੇ ਕਿਸੇ ਦੇ ਵਾਰੇ ਵਿੱਚ ਬੋਲਣਾ,ਸਾਡੀ ਸ਼ਾਨ ਨੂੰ ਘਟਾਉਦੀ ਨਹੀ ਸਗੋਂ ਵਧਾਉਦੀ ਹੈ।ਜੋ ਲੋਕ ਦਿਲ ਨਾਲ ਦੂਸਰਿਆਂ ਦੀ ਕਦਰ ਕਰਨਾ ਜਾਣਦੇ ਹਨ,ਉਹ ਰਿਸ਼ਤਿਆਂ ਵਿੱਚ ਹੋਰ ਵੀ ਖੁਸ਼ਹਾਲੀ ਭਰ ਦਿੰਦੇ ਹਨ।ਉਨਾਂ ਦਾ ਇਹ ਛੋਟਾ ਜਿਹਾ ਉਪਰਾਲਾ ਦੂਸਰਿਆਂ ਵਿਆਕਤੀਆਂ ਦਾ ਹੌਂਸਲਾ ਵਧਾਉਦਾ ਹੈ,ਅਤੇ ਸਮਾਜ ਵਿੱਚ ਵਿਸ਼ਵਾਸ਼ ਦਾ ਮਹੌਲ ਪੈਦਾ ਕਰਦਾ ਹੈ।ਸੱਚੀ ਪ੍ਰਸੰਸਾ ਚਾਪਲੂਸੀ ਨਹੀ ਹੈ।ਇਹ ਸਿਰਫ਼ ਸੱਚ ਦਾ ਸਤਿਕਾਰ ਹੈ।

ਆਖਰਕਾਰ,ਸਮਾਜ ਉਦੋਂ ਹੀ ਸੁਧਰਦਾ ਹੈ ਜਦੋਂ ਵਿਅਕਤੀ ਸੁਧਰਦੇ ਹਨ,ਅਤੇ ਵਿਅਕਤੀ ਉਦੋਂ ਹੀ ਬਿਹਤਰ ਬਣ ਸਕਦੇ ਹਨ ਜਦੋਂ ਉਹ ਨਿੰਦਾ,ਗੱਪਾਂ ਅਤੇ ਹੰਕਾਰ ਦਾ ਰਸਤਾ ਛੱਡਦੇ ਹਨ ਅਤੇ ਆਤਮ-ਨਿਰੀਖਣ ਸਮਝ ਅਤੇ ਸੱਚਾਈ ਦਾ ਰਸਤਾ ਅਪਣਾਉਦੇ ਹਨ।ਉਥੇ ਦਿਖਣ ਵਾਲੀ ਸੱਚਾਈ ਨਾ ਸਿਰਫ਼ ਸਾਨੂੰ ਬਿਹਤਰ ਲੋਕ ਬਣਾ ਸਕਦੇ ਹਨ,ਸਗੋਂ ਸੱਚੇ ਰਿਸ਼ਤਿਆਂ ਨੂੰ ਸੱਚੇ ਮਜ਼ਬੁਤ ਅਤੇ ਹੋਰ ਮਹੱਤਵਪੂਰਨ ਬਣਾਉਣ ਲਈ ਵੀ ਸਮਰੱਥ ਹੁੰਦੇ ਹਨ।



**ਅਮਰਜੀਤ ਚੰਦਰ**
**ਲੁਧਿਆਣਾ**

# ਹੋਲੀ ਦੀਆਂ ਮਿੱਠੀਆਂ ਯਾਦਾਂ

ਗੱਲ ਉਹਨਾਂ ਦਿਨਾਂ ਦੀ ਹੈ ਜਦੋਂ 1964 ਵਿੱਚ ਮੈਂ ਗੌਰਮੈਂਟ ਰਣਵੀਰ ਕਾਲਜ ਸੰਗਰੂਰ ਵਿੱਚ ਬੀਏ ਫਾਈਨਲ ਵਿੱਚ ਪੜਦਾ ਸੀ। ਹੋਲੀ ਤੋਂ ਇੱਕ ਦਿਨ ਪਹਿਲਾਂ ਸਾਡੇ ਵਿੱਚੋਂ ਕੋਈ ਨਜ਼ਦੀਕੀ ਜਮਾਤੀਆਂ ਨੇ ਇਹ ਫੈਸਲਾ ਕੀਤਾ ਕਿ ਕੱਲ ਹੋਲੀ ਵਾਲੇ ਦਿਨ ਸੰਗਰੂਰ ਤੋਂ ਅਸੀਂ ਸਾਰੇ ਰੇਲ ਗੱਡੀ ਰਾਹੀਂ ਆਪਣੇ ਇੱਕ ਜਮਾਤੀ ਰਮੇਸ਼ ਬੰਸਲ ਨੂੰ ਰੰਗ ਮਲਣ ਵਾਸਤੇ ਜਾਵਾਂਗੇ। ਪ੍ਰੋਗਰਾਮ ਦੇ ਮੁਤਾਬਿਕ ਅਸੀਂ ਪੰਜ ਛੇ ਮੁੰਡੇ ਸੰਗਰੂਰ ਰੇਲਵੇ ਸਟੇਸ਼ਨ ਤੇ ਪਹੁੰਚ ਗਏ। ਕਰਨੀ ਰੱਬ ਦੀ ਇਹੋ ਜਿਹੀ ਹੋਈ ਕਿ ਸਾਡੇ ਸਟੇਸ਼ਨ ਤੇ ਪਹੁੰਚਣ ਤੋਂ ਕੁਛ ਸਮਾਂ ਪਹਿਲਾਂ ਹੀ ਗੱਡੀ ਨਿਕਲ ਗਈ। ਕਿਉਂਕਿ ਅਸੀਂ ਪਹਿਲਾਂ ਹੀ ਫੈਸਲਾ ਕਰ ਰੱਖਿਆ ਸੀ ਕਿ ਸੁਨਾਮ ਤਾਂ ਜਾਣਾ ਹੀ ਜਾਣਾ ਹੈ। ਸੰਗਰੂਰ ਤੋਂ ਸੁਨਾਮ ਰੇਲ ਰਾਹੀਂ ਫਾਸਲਾ ਲਗਭਗ 12 ਕਿਲੋਮੀਟਰ ਦੂਰ ਹੈ। ਅਸੀਂ ਸਭ ਨੇ ਫੈਸਲਾ ਕੀਤਾ ਚਲੋ ਅਸੀਂ ਰੇਲ ਦੀ ਪਟੜੀ ਰਾਹੀਂ ਹੀ ਸੁਨਾਮ ਪਹੁੰਚਾਂਗੇ। ਹੋਲੀ ਮਨਾਉਣ ਲੱਗਿਆਂ ਅਤੇ ਸੁਨਾਮ ਜਾਣ ਲੱਗਿਆਂ ਰਾਹ ਵਿੱਚ ਅਸੀਂ ਫਿਲਮੀ ਗਾਣੇ, ਪੜਾਉਣ ਵਾਲੇ ਆਪਣੇ ਪ੍ਰੋਫੈਸਰਾਂ ਦੀਆਂ ਵੱਖ ਵੱਖ ਗੱਲਾਂ, ਕੈਲਾਸ਼ ਵਾਲੇ ਮੁੰਡੇ ਅਤੇ ਕੁੜੀਆਂ ਬਾਰੇ ਗੱਲਾਂ ਕਰਦੇ ਰਹੇ। ਰਾਹ ਵਿੱਚ ਅਸੀਂ ਭੱਜ ਕੇ ਇੱਕ ਦੂਜੇ ਨੂੰ ਫੜਨ ਵਿੱਚ ਵੀ ਦੂਰੀ ਤੈਅ ਕੀਤੀ। ਰਸਤੇ ਵਿੱਚ ਇੱਕ ਜਗ੍ਹਾ ਤੇ ਕੁਝ ਗਿੱਧਾਂ ਕਿਸੇ ਮਰੇ ਹੋਏ ਜਾਨਵਰ ਨੂੰ ਖਾ ਰਹੀਆਂ ਸਨ। ਸਾਡੇ ਵਿੱਚੋਂ ਇੱਕ ਜਮਾਤੀ ਬਾਲ ਕ੍ਰਿਸ਼ਨ ਨੇ ਇੱਕ ਰੋੜਾ ਚੁੱਕ ਕੇ ਉਹਨਾਂ ਗਿੱਦਾਂ ਨੂੰ ਮਾਰਿਆ। ਉਹਨਾਂ ਵਿੱਚੋਂ ਦੋ ਤਿੰਨ ਗਿੱਧਾਂ ਸਾਡੇ ਵੱਲ ਉੱਡ ਕੇ ਆਈ ਆਂ। ਜਿਵੇਂ ਕਿਵੇਂ ਅਸੀਂ ਉਹਨਾਂ ਤੋਂ ਪਿੱਛਾ ਛੁਡਾਇਆ ਅਤੇ ਰੱਬ ਰੱਬ ਕਰਦੇ ਜਿਵੇਂ ਕਿਵੇਂ ਸੁਨਾਮ ਦੇ ਰੇਡੀਓ ਸਟੇਸ਼ਨ ਤੇ ਪਹੁੰਚ ਗਏ। ਉਥੇ ਪਹੁੰਚ ਕੇ ਅਸੀਂ ਆਪਣੇ ਜਮਾਤੀ ਦੇ ਘਰ ਦਾ ਐਡਰੈਸ ਪੁੱਛਿਆ ਅਤੇ ਉਸ ਦੇ ਘਰ ਪਹੁੰਚ ਗਏ। ਉਹ ਸਾਨੂੰ ਸਭ ਨੂੰ ਦੇਖ ਕੇ ਬਹੁਤ ਖੁਸ਼ ਵੀ ਹੋਇਆ ਅਤੇ ਹੈਰਾਨ ਵੀ ਹੋਇਆ। ਉਸ ਦੇ ਘਰ ਵਾਲਿਆਂ ਨੇ ਸਾਨੂੰ ਸਭ ਨੂੰ ਜੀ ਆਇਆ ਆਖਿਆ। ਚਾਹ ਪਾਣੀ ਪੀਣ ਤੋਂ ਬਾਅਦ ਅਸੀਂ ਉਸ ਨੂੰ ਅਤੇ ਉਸਦੇ ਹੋਰ ਪਰਿਵਾਰ ਦੇ ਮੈਂਬਰਾਂ ਨੂੰ ਗੁਲਾਲ ਮਲਿਆ, ਇੱਕ ਦੂਜੇ ਨੂੰ ਜੱਫੀਆਂ ਪਾਈਆਂ। ਗੀਤ ਸੰਗੀਤ ਹੋਇਆ ਅਤੇ ਅਸੀਂ ਫਿਰ ਸ਼ਾਮ ਨੂੰ ਸੁਨਾਮ ਤੋਂ ਸੰਗਰੂਰ ਦੀ ਗੱਡੀ ਫੜੀ ਅਤੇ ਮੁੜ ਕੇ ਆਪਣੇ ਆਪਣੇ ਘਰਾਂ ਵਿੱਚ ਆ ਗਏ। ਬੇਸ਼ਕ ਇਸ ਗੱਲ ਨੂੰ ਲਗਭਗ 62 ਸਾਲ ਹੋ ਗਏ ਹਨ। ਪਰ ਆਪਣੇ ਬਚਪਨ ਦੀਆਂ ਇਹ ਗੱਲਾਂ ਯਾਦ ਕਰਕੇ ਅੱਜ ਵੀ ਪੁਰਾਣੇ ਦਿਨ ਯਾਦ ਆ ਜਾਂਦੇ ਹਨ। ਅੱਜ ਕੱਲ ਹੋਲੀ ਮਨਾਉਣਾ ਇੱਕ ਪਰੰਪਰਾ ਬਣ ਕੇ ਰਹਿ ਗਿਆ ਹੈ। ਉਨਾਂ ਦਿਨਾਂ ਵਿੱਚ ਦਿਲ ਦੇ ਨਾਲ ਹੋਲੀ ਮਨਾਈ ਜਾਂਦੀ ਸੀ। ਸੰਗਰੂਰ ਵਿੱਚ ਤਾਂ ਵੱਡੇ ਚੌਕ ਵਿੱਚ ਫੁਆਰੇ ਨੂੰ ਰੰਗੀਨ ਪਾਣੀ ਨਾਲ ਭਰ ਦਿੱਤਾ ਜਾਂਦਾ ਸੀ ਅਤੇ ਹੋਲੀ ਮਨਾਉਣ ਵਾਲੇ ਲੋਕ ਉਥੋਂ ਲੰਘਣ ਵਾਲੇ ਬੰਦਿਆਂ ਨੂੰ ਚੁੱਕ ਕੇ ਫੁਆਰੇ ਦੇ ਰੰਗ ਦੇ ਪਾਣੀ ਵਿੱਚ ਹੌਲੀ ਹੌਲੀ ਛੁੱਟ ਦਿਆ ਕਰਦੇ ਸੀ ਅਤੇ ਫਿਰ ਕਹਿੰਦੇ ਸੀ. ਹੋਲੀ ਹੈ, ਬਈ ਹੋਲੀ ਹੈ। ਕਿਤਨੇ ਖੁਸ਼ੀ ਵਾਲੇ ਉਹ ਦਿਨ ਸਨ ਜਦੋਂ ਅਸੀਂ ਹੋਲੀ ਮਨਾਇਆ ਕਰਦੇ ਸੀ।



**ਪਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 9416359045**
**ਰੋਹਤਕ ਹਰਿਆਣਾ**


joo
Just Order Online®
WANT TO SAVE £1000'S IN YOUR RESTAURANT?
TABLET ORDERING SYSTEM
KITCHEN DISPLAY & KITCHEN PRINTERS
ONLINE ORDERING & TABLE BOOKING
INTEGRATED CARD MACHINES
JOO AI – ADVANCED BUSINESS INTELLIGENCE
POS,PRINTER, WEBSITE, ORDER BOOKING SYSTEM FROM
STARTING FROM
WAS £999
NOW ONLY
£249
Contact Us
+44-7846-588928
OFFER ENDS
28 FEB 2026
justorderonline.co.uk
info@justorderonline.co.uk
T&Cs apply - 2 year contract. Subject to availability

# ਜ਼ਿੰਦਗੀ ਦਾ ਅਸਲ ਰੰਗ: ਹਾਸਾ, ਉਮੀਦ ਤੇ ਹੌਸਲਾ

ਆਧੁਨਿਕ ਯੁੱਗ ਵਿੱਚ ਮਨੁੱਖੀ ਜੀਵਨ ਬੇਹੱਦ ਤੇਜ਼ ਰਫ਼ਤਾਰ ਨਾਲ ਅੱਗੇ ਵੱਧ ਰਿਹਾ ਹੈ। ਮੁਕਾਬਲੇਬਾਜ਼ੀ, ਤਣਾਅ ਅਤੇ ਜ਼ਿੰਮੇਵਾਰੀਆਂ ਦੇ ਵਧਦੇ ਬੋਝ ਨੇ ਲੋਕਾਂ ਦੀ ਜੀਵਨ ਸ਼ੈਲੀ ਨੂੰ ਪ੍ਰਭਾਵਿਤ ਕੀਤਾ ਹੈ। ਅਜਿਹੇ ਸਮੇਂ ਵਿੱਚ ਜ਼ਿੰਦਗੀ ਨੂੰ ਸੁਖਮਈ ਅਤੇ ਸੰਤੁਲਿਤ ਬਣਾਉਣ ਲਈ ਤਿੰਨ ਗੁਣ ਸਭ ਤੋਂ ਵੱਧ ਮਹੱਤਵਪੂਰਨ ਹਨ—ਹਾਸਾ, ਉਮੀਦ ਅਤੇ ਹੌਸਲਾ। ਇਹ ਤਿੰਨੋ ਗੁਣ ਮਨੁੱਖ ਨੂੰ ਹਰ ਮੁਸ਼ਕਲ ਘੜੀ ਵਿੱਚ ਸੰਭਾਲਦੇ ਹਨ ਅਤੇ ਉਸਨੂੰ ਅੱਗੇ ਵਧਣ ਦੀ ਪ੍ਰੇਰਣਾ ਦਿੰਦੇ ਹਨ। ਹਾਸਾ ਮਨੁੱਖੀ ਜੀਵਨ ਦਾ ਸਭ ਤੋਂ ਸੁੰਦਰ ਗਹਿਣਾ ਹੈ। ਮੁਸਕਰਾਉਂਦਾ ਚਿਹਰਾ ਨਾ ਸਿਰਫ਼ ਆਪਣੇ ਮਨ ਨੂੰ ਸ਼ਾਂਤੀ ਦਿੰਦਾ ਹੈ, ਸਗੋਂ ਹੋਰਨਾਂ ਦੇ ਦਿਲਾਂ ਨੂੰ ਵੀ ਖ਼ੁਸ਼ੀ ਨਾਲ ਭਰ ਦਿੰਦਾ ਹੈ। ਅੱਜ ਦੇ ਤਣਾਅ ਭਰੇ ਮਾਹੌਲ ਵਿੱਚ ਹੱਸਣਾ ਇੱਕ ਦਵਾਈ ਵਾਂਗ ਕੰਮ ਕਰਦਾ ਹੈ। ਜਦੋਂ ਮਨੁੱਖ ਹੱਸਦਾ ਹੈ ਤਾਂ ਉਸਦੇ ਮਨ ਦਾ ਭਾਰ ਘਟਦਾ ਹੈ ਅਤੇ ਨਕਾਰਾਤਮਕ ਵਿਚਾਰ ਆਪਣੇ ਆਪ ਦੂਰ ਹੋਣ ਲੱਗਦੇ ਹਨ। ਘਰ, ਸਕੂਲ ਜਾਂ ਦਫ਼ਤਰ—ਹਰ ਥਾਂ ਜੇਕਰ ਹਾਸੇ ਦਾ ਮਾਹੌਲ ਬਣੇ ਤਾਂ ਰਿਸ਼ਤਿਆਂ ਵਿੱਚ ਮਿੱਠਾਸ ਵਧਦੀ ਹੈ ਅਤੇ ਕੰਮ ਕਰਨ ਦੀ ਸਮਰੱਥਾ ਵੀ ਵਧਦੀ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਹੱਸਦਾ ਮਨੁੱਖ ਮੁਸ਼ਕਲਾਂ ਨੂੰ ਵੀ ਆਸਾਨ ਬਣਾ ਲੈਂਦਾ ਹੈ। ਉਮੀਦ ਜੀਵਨ ਦੀ ਉਹ ਰੋਸ਼ਨੀ ਹੈ ਜੋ ਹਨੇਰੇ ਸਮੇਂ ਵਿੱਚ ਰਸਤਾ ਦਿਖਾਉਂਦੀ ਹੈ। ਜਦੋਂ ਹਾਲਾਤ ਮਨੁੱਖ ਦੇ ਵਿਰੁੱਧ ਹੋ ਜਾਣ, ਤਦ ਉਮੀਦ ਹੀ ਉਸਨੂੰ ਟੁੱਟਣ ਤੋਂ ਬਚਾਉਂਦੀ ਹੈ। ਜੀਵਨ ਵਿੱਚ ਅਸਫਲਤਾਵਾਂ ਆਉਣਾ ਸਵਭਾਵਿਕ ਗੱਲ ਹੈ, ਪਰ ਉਮੀਦ ਵਾਲਾ ਮਨੁੱਖ ਹਰ ਹਾਰ ਤੋਂ ਸਿੱਖ ਕੇ ਅੱਗੇ ਵਧਦਾ ਹੈ। ਉਮੀਦ ਮਨੁੱਖ ਨੂੰ ਨਵੀਆਂ ਸੰਭਾਵਨਾਵਾਂ ਵੱਲ ਲੈ ਜਾਂਦੀ ਹੈ ਅਤੇ ਉਸਦੇ ਅੰਦਰ ਵਿਸ਼ਵਾਸ ਪੈਦਾ ਕਰਦੀ ਹੈ ਕਿ ਕੱਲ੍ਹ ਦਾ ਦਿਨ ਅੱਜ ਨਾਲੋਂ ਬਿਹਤਰ ਹੋ ਸਕਦਾ ਹੈ। ਜਿਹੜੇ ਲੋਕ ਉਮੀਦ ਨਹੀਂ ਛੱਡਦੇ, ਉਹ ਅਖ਼ੀਰਕਾਰ ਆਪਣਾ ਮਕਸਦ ਹਾਸਲ ਕਰ ਲੈਂਦੇ ਹਨ। ਹੌਸਲਾ ਮਨੁੱਖ ਦੀ ਅੰਦਰੂਨੀ ਤਾਕਤ ਦਾ ਪ੍ਰਤੀਕ ਹੈ। ਇਹ ਉਹ ਗੁਣ ਹੈ ਜੋ ਮਨੁੱਖ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨ ਦੀ ਸ਼ਕਤੀ ਦਿੰਦਾ ਹੈ। ਜੀਵਨ ਦੇ ਸਫ਼ਰ ਵਿੱਚ ਕਈ ਵਾਰ ਅਜਿਹੇ ਮੋੜ ਆਉਂਦੇ ਹਨ ਜਿੱਥੇ ਮਨੁੱਖ ਆਪਣੇ ਆਪ ਨੂੰ ਕਮਜ਼ੋਰ ਮਹਿਸੂਸ ਕਰਦਾ ਹੈ, ਪਰ ਹੌਸਲਾ ਹੀ ਉਸਨੂੰ ਹਾਰ ਮੰਨਣ ਤੋਂ ਰੋਕਦਾ ਹੈ। ਹੌਸਲੇ ਵਾਲਾ ਮਨੁੱਖ ਹਰ ਰੁਕਾਵਟ ਨੂੰ ਇੱਕ ਨਵੀਂ ਚੁਣੌਤੀ ਵਜੋਂ ਸਵੀਕਾਰ ਕਰਦਾ ਹੈ। ਉਹ ਜਾਣਦਾ ਹੈ ਕਿ ਕਾਮਯਾਬੀ ਉਹਨਾਂ ਨੂੰ ਮਿਲਦੀ ਹੈ ਜੋ ਡਰਦੇ ਨਹੀਂ ਅਤੇ ਲਗਾਤਾਰ ਕੋਸ਼ਿਸ਼ ਕਰਦੇ ਹਨ।

ਹਾਸਾ, ਉਮੀਦ ਅਤੇ ਹੌਸਲਾ ਇੱਕ ਦੂਜੇ ਨਾਲ ਗਹਿਰੇ ਤੌਰ ਤੇ ਜੁੜੇ ਹੋਏ ਹਨ। ਜਦੋਂ ਮਨੁੱਖ ਦੇ ਚਿਹਰੇ ਤੇ ਮੁਸਕਾਨ ਹੁੰਦੀ ਹੈ ਤਾਂ ਉਸਦੇ ਅੰਦਰ ਉਮੀਦ ਜਨਮ ਲੈਂਦੀ ਹੈ, ਅਤੇ ਜਦੋਂ ਉਮੀਦ ਮਜ਼ਬੂਤ ਹੁੰਦੀ ਹੈ ਤਾਂ ਹੌਸਲਾ ਆਪਣੇ ਆਪ ਵਧ ਜਾਂਦਾ ਹੈ। ਇਹ ਤਿੰਨੋ ਗੁਣ ਮਿਲ ਕੇ ਜੀਵਨ ਨੂੰ ਸੰਤੁਲਿਤ ਅਤੇ ਖੁਸ਼ਹਾਲ ਬਣਾਉਂਦੇ ਹਨ। ਜੇ ਮਨੁੱਖ ਹੱਸਣਾ ਛੱਡ ਦੇਵੇ, ਉਮੀਦ ਖੋ ਬੈਠੇ ਅਤੇ ਹੌਸਲਾ ਹਾਰ ਜਾਵੇ, ਤਾਂ ਜੀਵਨ ਨਿਰਸ ਅਤੇ ਭਾਰ ਬਣ ਜਾਂਦਾ ਹੈ। ਅੱਜ ਦੇ ਸਮੇਂ ਵਿੱਚ ਖਾਸ ਕਰਕੇ ਨੌਜਵਾਨ ਪੀੜ੍ਹੀ ਲਈ ਇਹ ਗੁਣ ਬਹੁਤ ਜ਼ਰੂਰੀ ਹਨ। ਪੜਾਈ, ਕਰੀਅਰ ਅਤੇ ਸਮਾਜਿਕ ਦਬਾਅ ਕਾਰਨ ਕਈ ਵਾਰ ਨੌਜਵਾਨ ਤਣਾਅ ਦਾ ਸ਼ਿਕਾਰ ਹੋ ਜਾਂਦੇ ਹਨ। ਅਜਿਹੇ ਵਿੱਚ ਪਰਿਵਾਰ ਅਤੇ ਅਧਿਆਪਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹਨਾਂ ਨੂੰ ਸਕਾਰਾਤਮਕ ਸੋਚ ਵੱਲ ਪ੍ਰੇਰਿਤ ਕਰਨ। ਬੱਚਿਆਂ ਨੂੰ ਇਹ ਸਿਖਾਉਣਾ ਲਾਜ਼ਮੀ ਹੈ ਕਿ ਅਸਫਲਤਾ ਅੰਤ ਨਹੀਂ ਹੁੰਦੀ, ਸਗੋਂ ਸਫਲਤਾ ਵੱਲ ਇੱਕ ਕਦਮ ਹੁੰਦੀ ਹੈ।

ਸਾਡੇ ਰੋਜ਼ਾਨਾ ਜੀਵਨ ਵਿੱਚ ਕੁਝ ਛੋਟੀਆਂ ਆਦਤਾਂ ਅਪਣਾ ਕੇ ਅਸੀਂ ਇਹ ਤਿੰਨੋ ਗੁਣ ਆਪਣੇ ਅੰਦਰ ਵਿਕਸਿਤ ਕਰ ਸਕਦੇ ਹਾਂ। ਹਰ ਦਿਨ ਦੀ ਸ਼ੁਰੂਆਤ ਸਕਾਰਾਤਮਕ ਸੋਚ ਨਾਲ ਕਰਨੀ ਚਾਹੀਦੀ ਹੈ, ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਸਮਾਂ ਬਿਤਾਉਣਾ ਚਾਹੀਦਾ ਹੈ ਅਤੇ ਮੁਸ਼ਕਲਾਂ ਨੂੰ ਘਬਰਾਹਟ ਦੀ ਥਾਂ ਸਿੱਖਣ ਦਾ ਮੌਕਾ ਸਮਝਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਦੂਜਿਆਂ ਦੀ ਮਦਦ ਕਰਨ ਨਾਲ ਵੀ ਮਨੁੱਖ ਨੂੰ ਅੰਦਰੂਨੀ ਖ਼ੁਸ਼ੀ ਮਿਲਦੀ ਹੈ ਅਤੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਬਦਲਦਾ ਹੈ।

ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਜ਼ਿੰਦਗੀ ਦਾ ਅਸਲ ਰੰਗ ਧਨ-ਦੌਲਤ ਜਾਂ ਆਡੰਬਰ ਵਿੱਚ ਨਹੀਂ, ਸਗੋਂ ਹਾਸੇ, ਉਮੀਦ ਅਤੇ ਹੌਸਲੇ ਵਿੱਚ ਲੁਕਿਆ ਹੋਇਆ ਹੈ। ਜੇ ਮਨੁੱਖ ਇਹ ਤਿੰਨ ਗੁਣ ਆਪਣੇ ਜੀਵਨ ਦਾ ਹਿੱਸਾ ਬਣਾ ਲਵੇ, ਤਾਂ ਹਰ ਮੁਸ਼ਕਲ ਆਸਾਨ ਲੱਗਣ ਲੱਗਦੀ ਹੈ ਅਤੇ ਜੀਵਨ ਖੁਸ਼ੀਆਂ ਨਾਲ ਭਰ ਜਾਂਦਾ ਹੈ। ਇਸ ਲਈ ਲੋੜ ਹੈ ਕਿ ਅਸੀਂ ਹੱਸਣਾ ਸਿੱਖੀਏ, ਉਮੀਦ ਕਾਇਮ ਰੱਖੀਏ ਅਤੇ ਹਰ ਹਾਲਤ ਵਿੱਚ ਹੌਸਲਾ ਨਾ ਛੱਡੀਏ—ਕਿਉਂਕਿ ਇਹੀ ਗੁਣ ਸਾਨੂੰ ਸੱਚਮੁੱਚ ਜੀਣਾ ਸਿਖਾਉਂਦੇ ਹਨ।



**ਜਸਵਿੰਦਰ ਪਾਲ ਸ਼ਰਮਾ**
**ਸਸ ਮਾਸਟਰ**
**ਪਿੰਡ ਵੜਿੰਗ ਖੇੜਾ**
**ਤਹਿਸੀਲ ਮਲੋਟ**
**ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ**
**79860-27454**

# ਟੋਕੀਓ ਮੈਰਾਥਨ ਵਿੱਚ ਕੈਮ ਲੇਵਿਨਸ ਨੇ ਮਾਸਟਰ ਵਰਗ ਚ ਸਥਾਪਿਤ ਕੀਤਾ ਨਵਾਂ ਕੀਰਤੀਮਾਨ

**ਵੈਨਕੂਵਰ, (ਮਲਕੀਤ ਸਿੰਘ)** – ਕੈਨੇਡਾ ਦੇ ਪ੍ਰਸਿੱਧ ਦੌੜਾਕ ਕੈਮ ਲੇਵਿਨਸ ਨੇ ਟੋਕੀਓ ਵਿੱਚ ਹੋਈ 42.2 ਕਿਲੋਮੀਟਰ ਲੰਬੀ ਮੈਰਾਥਨ ਦੌੜ ਦੌਰਾਨ ਮਾਸਟਰ ਵਰਗ ਵਿੱਚ ਨਵਾਂ ਰਾਸ਼ਟਰੀ ਕੀਰਤੀਮਾਨ ਸਥਾਪਿਤ ਕੀਤਾ ਹੈ। ਉਨ੍ਹਾਂ ਨੇ 2 ਘੰਟੇ 6 ਮਿੰਟ 49 ਸਕਿੰਟ ਦਾ ਸਮਾਂ ਲਗਾ ਕੇ ਆਪਣੇ ਖਿਡਾਰੀ ਜੀਵਨ ਦਾ ਦੂਜਾ ਸਭ ਤੋਂ ਤੇਜ਼ ਸਮਾਂ ਦਰਜ ਕਰਵਾਇਆ। ਦੌੜ ਦੇ ਪਹਿਲੇ ਅੱਧ ਵਿੱਚ ਲੇਵਿਨਸ ਆਪਣੇ ਪਹਿਲਾਂ ਬਣਾਏ ਕੀਰਤੀਮਾਨ ਦੀ ਬਰਾਬਰੀ ਕਰਨ ਦੀ ਦਿਸ਼ਾ ਵਿੱਚ ਅੱਗੇ ਵਧ ਰਹੇ ਸਨ, ਪਰ ਆਖ਼ਰੀ ਪੜਾਅ ਵਿੱਚ ਉਨ੍ਹਾਂ ਦੀ ਰਫ਼ਤਾਰ ਕੁਝ ਘੱਟ ਹੋ ਗਈ। ਇਸ ਦੇ ਬਾਵਜੂਦ ਉਨ੍ਹਾਂ ਨੇ ਹੌਸਲੇ ਅਤੇ ਦ੍ਰਿੜਤਾ ਨਾਲ ਅੰਤ ਰੇਖਾ ਪਾਰ ਕੀਤੀ। ਜ਼ਿਕਰਯੋਗ ਹੈ ਕਿ ਤਿੰਨ ਸਾਲ ਪਹਿਲਾਂ ਲੇਵਿਨਸ ਨੇ ਇਸੇ ਮਾਰਗ ‘ਤੇ 2 ਘੰਟੇ 5 ਮਿੰਟ 36 ਸਕਿੰਟ ਦਾ ਸਮਾਂ ਲਗਾ ਕੇ ਰਾਸ਼ਟਰੀ ਅਤੇ ਉੱਤਰੀ ਅਮਰੀਕੀ ਕੀਰਤੀਮਾਨ ਕਾਇਮ ਕੀਤਾ ਸੀ ਅਤੇ ਪੰਜਵੇਂ ਸਥਾਨ ‘ਤੇ ਰਹੇ ਸਨ। ਦੌੜ ਮਗਰੋਂ ਗੱਲਬਾਤ ਕਰਦਿਆਂ ਲੇਵਿਨਸ ਨੇ ਕਿਹਾ ਕਿ ਉਹ ਆਪਣੇ ਪ੍ਰਦਰਸ਼ਨ ਨਾਲ ਸੰਤੁਸ਼ਟ ਹਨ। ਉਨ੍ਹਾਂ ਨੇ ਦੱਸਿਆ ਕਿ ਦੌੜ ਦੇ ਕੁਝ ਕਿਲੋਮੀਟਰ ਬਾਅਦ ਉਹ ਤੇਜ਼ ਝੁੰਡ ਨਾਲ ਜੁੜ ਗਏ ਸਨ, ਪਰ ਅੰਤਿਮ ਹਿੱਸੇ ਵਿੱਚ ਰਫ਼ਤਾਰ ਕਾਇਮ ਰੱਖਣਾ ਚੁਣੌਤੀਪੂਰਨ ਸਾਬਤ ਹੋਇਆ। ਕੈਨੇਡੀਅਨ ਖੇਡ ਜਗਤ ਵਿੱਚ ਇਸ ਪ੍ਰਦਰਸ਼ਨ ਨੂੰ ਮਹੱਤਵਪੂਰਨ ਉਪਲਬਧੀ ਵਜੋਂ ਦੇਖਿਆ ਜਾ ਰਿਹਾ ਹੈ।



**ਮੈਰਾਥਨ ਦੀ ਸਮਾਪਤੀ ਮਗਰੋਂ ਸਾਥੀ ਦੌੜਾਕ ਨਾਲ ਗਲਵਕੜੀ ਪਾਉਂਦੇ ਹੋਏ ਕੈਮ ਲੇਵਿਨਸ।**



# ਪੰਜਾਬੀ ਸਾਹਿਤ ਸਭਾ ਧੂਰੀ ਦਾ ਸਮਾਗਮ ਯਾਦਗਾਰੀ ਹੋ ਨਿੱਬੜਿਆ










**ਧੂਰੀ (ਰਮੇਸ਼ਵਰ ਸਿੰਘ)** ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ਦਾ ਮਾਤ ਭਾਸ਼ਾ ਅਤੇ ਨਾਰੀ ਦਿਵਸ ਨੂੰ ਸਮਰਪਿਤ ਮਹੀਨਾਵਾਰ ਸਾਹਿਤਕ ਸਮਾਗਮ ਮੂਲ ਚੰਦ ਸ਼ਰਮਾ ਦੀ ਅਗਵਾਈ ਵਿੱਚ ਬਿਨ੍ਹਾਂ ਕਿਸੇ ਪ੍ਰਧਾਨਗੀ ਮੰਡਲ ਤੋਂ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਸਾਹਿਤ ਭਵਨ ਵਿਖੇ ਕੀਤਾ ਗਿਆ , ਜਿਸ ਵਿੱਚ ਪਿਛਲੇ ਮਹੀਨੇ ਸਦੀਵੀ ਵਿਛੋੜਾ ਦੇਣ ਵਾਲ਼ੇ ਲੇਖਕਾਂ ਅਤੇ ਮੈਂਬਰਾਂ ਦੇ ਸਕੇ ਸੰਬੰਧੀਆਂ ਨੂੰ ਸ਼ਰਧਾਂਜਲੀ , ਪੰਜਾਬੀ ਭਾਸ਼ਾ ਪਾਸਾਰ ਭਾਈਚਾਰਾ ਰਾਹੀਂ ਮਾਤ ਭਾਸ਼ਾ ਲਈ ਦਿਨ ਰਾਤ ਕੰਮ ਕਰ ਰਹੇ ਮਿੱਤਰ ਸੈਨ ਮੀਤ , ਰਮੇਸ਼ਵਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਕੰਮ ਦੀ ਪ੍ਰਸ਼ੰਸਾ ਕਰਦਿਆਂ ਸਰਕਾਰ ਤੋਂ ਪੰਜਾਬ ਰਾਜ ਭਾਸ਼ਾ ਸੋਧ ਬਿਲ-2008 ਨੂੰ ਪੂਰਨ ਅਮਲੀ ਰੂਪ ਦੇਣ ਦੀ ਮੰਗ ਕੀਤੀ । ਇਸ ਤੋਂ ਉਪਰੰਤ ਨਵੇਂ ਸਾਲ ਤੋਂ ਸ਼ੁਰੂ ਕੀਤੇ ਕਵਿਤਾ ਸਕੂਲ ਦਾ ਤੀਜਾ ਪਾਠ ਪ੍ਰਸਿੱਧ ਛੰਦ ਸ਼ਾਸਤਰੀ ਜੰਗ ਸਿੰਘ ਫ਼ੱਟੜ ਵੱਲੋਂ ਪੜ੍ਹਾਇਆ ਗਿਆ , ਉਨ੍ਹਾਂ ਨੇ ਪੰਜਾਬੀ ਭਾਸ਼ਾ ਦੇ ਵਿਆਕਰਣ ਦੀ ਸ਼ੁੱਧੀ ਅਤੇ ਲਗਾਂ ਲਗਾਖਰਾਂ ਬਾਰੇ ਦੁਹਰਾਈ ਕਰਾਉਂਣ ਤੋਂ ਬਾਅਦ ਚੌਪਈ ਛੰਦ ਦੀ ਤੀਜੀ ਕਿਸਮ ਦਾ ਤਰਹ ਮਿਸ਼ਰਾ ਦਿੱਤਾ ਅਤੇ ਉਸ ਨਾਲ਼ ਸੰਬੰਧਿਤ ਗ਼ਜ਼ਲ ਵੀ ਪੇਸ਼ ਕੀਤੀ ।

ਦੂਸਰੇ ਦੌਰ ਵਿੱਚ ਸਭਾ ਦੇ ਸਰਪ੍ਰਸਤ ਜਗਦੇਵ ਸ਼ਰਮਾ ਬੁਗਰਾ ਦੇ ਨਾਵਲ "ਇੱਕ ਸਦੀ ਦੀ ਮੌਤ" ਦਾ ਲੋਕ ਅਰਪਣ ਕੀਤਾ ਗਿਆ , ਜਿਸ ਦੇ ਵਿਸ਼ਾ ਵਸਤੂ ਬਾਰੇ ਪ੍ਰਿੰਸੀਪਲ ਸੁਖਜੀਤ ਕੌਰ ਸੋਹੀ ਅਤੇ ਕਲਾ ਪੱਖ ਬਾਰੇ ਪ੍ਰਿੰਸੀਪਲ ਡਾ. ਇਕਬਾਲ ਸਿੰਘ ਸਕਰੌਦੀ ਨੇ ਆਪੋ ਆਪਣੇ ਪਰਚੇ ਪੜ੍ਹਨ ਤੋਂ ਇਲਾਵਾ ਸ਼੍ਰੀਮਤੀ ਅਨੂ ਸਿੰਗਲਾ ਤੇ ਗੁਰਦਿਆਲ ਨਿਰਮਾਣ ਧੂਰੀ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਇੱਕ ਸਦੀ ਦਾ ਪੁਨਰ ਜਨਮ ਕਰਨ ਦੀ ਕੋਸ਼ਿਸ਼ ਕੀਤੀ । ਲੰਮੀ ਚੱਲੀ ਵਿਚਾਰ ਚਰਚਾ ਵਿੱਚ ਸੁਰਿੰਦਰ ਸ਼ਰਮਾਂ ਨਾਗਰਾ , ਨਾਜਰ ਸਿੰਘ ਬੁਗਰਾ , ਚਰਨਜੀਤ ਕੈਂਥ , ਵੀਤ ਬਾਦਸ਼ਾਹਪੁਰੀ , ਕਰਮਜੀਤ ਸਿੰਘ , ਮਲਕੀਤ ਸਿੰਘ ਬੱਬਨਪੁਰ , ਸੁਰਜੀਤ ਸਿੰਘ , ਪਾਲ ਸਿੰਘ , ਅਜਾਇਬ ਸਿੰਘ ਅਤੇ ਗਿਆਨ ਸਿੰਘ ਭਵਾਨੀਗੜ੍ਹ ਨੇ ਵੀ ਹਿੱਸਾ ਲਿਆ ।

ਤੀਜੇ ਦੌਰ ਵਿੱਚ ਜਨਰਲ ਸਕੱਤਰ ਚਰਨਜੀਤ ਮੀਮਸਾ ਦੇ ਮੰਚ ਸੰਚਾਲਨ ਅਧੀਨ ਹੋਏ ਵਿਸ਼ਾਲ ਕਵੀ ਦਰਬਾਰ ਵਿੱਚ ਮਨਜੀਤ ਕੌਰ ਸੰਧੂ , ਆਫੀਆ ਸ਼ਰਮਾ , ਮਨਪ੍ਰੀਤ ਕੌਰ ਢੀਂਡਸਾ , ਕੁਲਵਿੰਦਰ ਕੌਰ ਕਾਜ਼ਲ , ਪੇਂਟਰ ਸੁਖਦੇਵ ਸਿੰਘ , ਗੁਰਜੰਟ ਮੀਮਸਾ , ਜਸਵੀਰ ਸਿੰਘ ਬੰਘਾਂਵਾਲੀ , ਗੁਰਤੇਜ ਮੱਲੂਮਾਜਰਾ , ਸੁਰਿੰਦਰ ਸ਼ਰਮਾਂ ਹਰਚੰਦਪੁਰੀ , ਕੁਲਵੰਤ ਖਨੌਰੀ , ਬਲਜੀਤ ਸਿੰਘ ਬਾਂਸਲ , ਰਣਜੀਤ ਆਜ਼ਾਦ ਕਾਂਝਲਾ , ਹਰਬੰਸ ਬੇਨੜਾ , ਡਾ. ਜਗਤਾਰ ਸਿੰਘ ਸਿੱਧੂ , ਕੁਲਵਿੰਦਰ ਬੰਟੀ , ਮਨਦੀਪ ਸਿੰਘ , ਗੁਰਮੀਤ ਸਿੰਘ ਸੋਹੀ , ਅਸ਼ਵਨੀ ਕੁਮਾਰ ਅਤੇ ਅਸ਼ੋਕ ਭੰਡਾਰੀ ਨੇ ਆਪੋ ਆਪਣੀਆਂ ਰਚਨਾਵਾਂ ਨਾਲ਼ ਖ਼ੂਬ ਰੰਗ ਬੰਨ੍ਹਿਆਂ ।

ਇਸ ਤੋਂ ਮਗਰੋਂ ਮਾਰਚ ਮਹੀਨੇ ਵਿੱਚ ਜਨਮੇਂ ਮੈਂਬਰਾਂ ਦਾ ਮੂੰਹ ਮਿੱਠਾ ਕਰਵਾ ਕੇ ਸਨਮਾਨ ਕੀਤਾ ਗਿਆ ਅਤੇ ਅਗਲੇ ਮਹੀਨੇ ਸਮਾਜ ਵੀਕਲੀ ਨਿਊਜ਼ ਦੇ ਮੁੱਖ ਸੰਪਾਦਕ ਸ਼੍ਰੀ ਦਵਿੰਦਰ ਚੰਦਰ ( ਨਕੋਦਰ ) ਨਾਲ਼ ਰੂਬਰੂ ਸਮਾਗਮ ਕਰਵਾਉਂਣ ਦਾ ਫੈਸਲਾ ਵੀ ਕੀਤਾ ਗਿਆ ।

# ਪਿੰਡ ਕੋਟਗੁਰੂ ਵਿਖੇ ਪ੍ਰੋਫ਼ੈਸਰ ਜਸਵੰਤ ਕੌਰ ਮਣੀ ਨੂੰ ਸਮਰਪਿਤ ਖ਼ੂਨਦਾਨ ਕੈਂਪ ਪੰਜ ਮਾਰਚ ਨੂੰ

**ਬਠਿੰਡਾ (ਅੰਗਰੇਜ ਸਿੰਘ ਵਿੱਕੀ)** ਬਠਿੰਡਾ ਜਿਲੇ ਦੇ ਬਲਾਕ ਸੰਗਤ ਅਧੀਨ ਆਉਂਦੇ ਪਿੰਡ ਕੋਟਗੁਰੂ ਦੇ ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਦਸਵੀਂ ਵਿਖੇ ਹਰ ਸਾਲ ਜੋੜ ਮੇਲ ਕਰਵਾਇਆ ਜਾਂਦਾ ਹੈ। ਜਿੱਥੇ ਹਰ ਵਰ੍ਹੇ ਪੰਜ ਮਾਰਚ ਨੂੰ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਂਦੇ, ਜਿੱਥੇ ਵੱਡੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੋਣ ਆਉਂਦੀਆਂ ਹਨ। ਆਖ਼ਰੀ ਦਿਨ ਹਰ ਵਰ੍ਹੇ ਇਸੇ ਸਥਾਨ ਉੱਪਰ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਵਿਸ਼ਾਲ ਖ਼ੂਨਦਾਨ ਕੈਂਪ ਵੀ ਲਗਾਇਆ ਜਾਂਦਾ ਹੈ। ਇਸ ਵਾਰ ਇਹ ਵਿਸ਼ਾਲ ਖ਼ੂਨਦਾਨ ਕੈਂਪ ਪਿੰਡ ਕੋਟਗੁਰੂ ਦੀ ਮਾਣਮੱਤੀ ਧੀ ਮਰਹੂਮ ਪ੍ਰੋਫ਼ੈਸਰ ਜਸਵੰਤ ਕੌਰ ਮਣੀ ਦੀ ਪਿਆਰੀ ਯਾਦ ਨੂੰ ਸਮਰਪਿਤ ਕਰਕੇ ਲਗਾਇਆ ਜਾ ਰਿਹਾ ਹੈ। ਜਿਸਨੇ ਨਿੱਕੀ ਉਮਰੇ ਖੋਜ਼, ਅਧਿਐਨ ਅਤੇ ਸਿਰਜਣਾ



ਵਿੱਚ ਆਪਣਾ ਅਤੇ ਆਪਣੇ ਪਿੰਡ ਦਾ ਨਾਮ ਚਮਕਾਇਆ ਸੀ। ਇਸ ਬਾਰੇ ਜਾਣਕਾਰੀ ਦਿੰਦਿਆਂ ਸਮਾਜ ਸੇਵੀ ਜਗਦੇਵ ਸਿੰਘ ਧਾਲੀਵਾਲ ਅਤੇ ਸਾਬਕਾ ਪੰਚਾਇਤ ਮੈਂਬਰ ਅੰਗਰੇਜ ਸਿੰਘ ਵਿੱਕੀ ਨੇ ਦੱਸਿਆ ਕਿ ਇਸ ਕੈਂਪ ਦਾ ਆਯੋਜਨ ਸ਼ਹੀਦ ਜਰਨੈਲ ਸਿੰਘ ਮੈਮੋਰੀਅਲ ਵੈੱਲਫੇਅਰ ਸੋਸਾਇਟੀ ਬਠਿੰਡਾ ਦੇ ਪ੍ਰਧਾਨ ਅਵਤਾਰ ਸਿੰਘ ਗੋਗਾ ਅਤੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਸੰਗਤ ਦੇ ਪ੍ਰਧਾਨ ਡਾਕਟਰ ਗੁਰਦੀਪ ਸਿੰਘ ਘੁੱਦਾ ਦੇ ਉਪਰਾਲੇ ਸਦਕਾ ਮਨੁੱਖਤਾ ਦੀ ਸੇਵਾ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਖ਼ੂਨਦਾਨੀਆਂ ਨੂੰ ਅਪੀਲ ਕੀਤੀ ਹੈ ਕਿ ਮਨੁੱਖਤਾ ਦੀ ਭਲਾਈ ਲਈ ਵੱਧ ਤੋਂ ਵੱਧ ਖ਼ੂਨਦਾਨ ਕਰਕੇ ਆਪਣਾ ਯੋਗਦਾਨ ਪਾਉਣ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
X
@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ
ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ
ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ
ਲਈ ਅਤੇ ਵੈਬਸਾਈਟ ਤੇ
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com